ਹਿਤ ਸਰੋਤ

ਮਾਰਚ 2004

ਜਿਸ ਦੇ ਹਿਰਦੇ ਅੰਦਰ ਸਤਿ ਦਾ ਆਦਰ ਨਹੀਂ, ਅਤੇ ਜਿਸ ਦਾ ਵਿਹਾਰ
ਨਿਆਏ ਤੇ ਆਧਾਰਤ ਨਹੀਂ; ਉਹ ਕਦੇ ਵੀ ਧਾਰਮਕ ਨਹੀਂ ਹੋ
ਸਕਦਾ। ਅਜਿਹਾ ਵਿਅਕਤੀ ਚਾਹੇ ਸਾਰੀ ਰਾਤ ਪਰਮੇਸ਼ਵਰ
ਦੀ ਭਗਤੀ ਕਰਦਾ ਹੋਵੇ ਅਤੇ ਘੰਟਿਆਂ ਬੱਦੀ ਯੋਗ
ਸਾਧਣ ਕਰਦਾ ਹੋਵੇ, ਉਸਦੀਆਂ ਇਨ੍ਹਾਂ ਸਾਰੀਆਂ
ਕ੍ਰਿਆਵਾਂ ਨੂੰ ਕੇਵਲ ਦਿਖਾਵਾ ਸਮਝੋ। ਉਨ੍ਹਾਂ
ਦਾ ਅਧਿਆਤਮਕਤਾ ਦੇ ਨਾਲ
ਕੋਈ ਸੰਬੰਧ ਨਹੀਂ।

–ਦੇਵ ਆਤਮਾ

ਪਾਠਕਾਂ ਦੀ ਸਾਂਝ

ਖਤੌਲੀ ਤੋਂ ਇਕ ਸੇਵਕ ਲਿਖਦੇ ਹਨ :-
ਧਰਮ ਜੀਵਨ ਅਖ਼ਬਾਰ ਦਾ ਪਹਿਲਾਂ ਲੇਖ "ਸਰਵਹਿੱਤ ਸੰਪਾਦਕ" ਨੂੰ ਬਾਰ ਬਾਰ ਪੜ੍ਹ ਕੇ ਮੈਂ ਬਹੁਤ ਲਾਭ ਉੱਠਾ ਰਿਹਾ ਹਾਂ। ਨਸ਼ਿਆਂ ਦੀ ਗੁਲਾਮੀ ਤੋਂ-ਤਾਂ ਪੂਰੀ ਮੁਕਤੀ ਮਿਲ ਹੀ ਗਈ ਹੈ। ਗੁਰੂ ਮਹਾਰਾਜ ਦੀ ਰੋਸ਼ਨੀ ਵਿੱਚ ਨਜ਼ਰ ਆਇਆ ਹੈ ਕਿ ਮੈਂ ਸਵਾਦ-ਵਾਸਨਾ ਦਾ ਗੁਲਾਮ ਹਾਂ, ਇਸ ਲਈ ਮੈ ਚਾਲ੍ਹੀ ਦਿਨ੍ਹਾਂ ਦਾ ਅਨਾਜ ਨਾਂ ਖਾਣ ਦਾ ਬ੍ਰਤ ਲਿਆ ਹੈ। ਅੱਧੇ ਦਿਨ ਪੂਰੇ ਹੋ ਗਏ ਹਨ। ਸਿਰਫ ਦੋ ਵਾਰੀਂ ਸਬਜ਼ੀ ਲੈਂਦਾ ਹਾਂ ਅਤੇ ਦੋਨੋਂ ਸਮੇਂ ਦੁੱਧ ਹੀ ਸੇਵਨ ਕਰਦਾ ਹਾਂ। ਰੋਟੀ ਬਿਲਕੁਲ ਨਹੀਂ ਖਾਂਦਾ। ਅਜਿਹਾ ਕਰਨ ਨਾਲ ਮੈਨੂੰ ਬੜਾ ਲਾਭ ਮਿਲ ਰਿਹਾ ਹੈ। ਚਲ੍ਹਣ ਫਿਰਨ ਨਾਲ ਜੋ ਪਹਿਲਾਂ ਮੇਰਾ ਸਾਹ ਚੜ ਜਾਂਦਾ ਸੀ ਉਸ ਵਿੱਚ ਬਿਨਾਂ ਕਿਸੇਂ ਦਵਾਈ ਤੋਂ ਆਰਾਮ ਪ੍ਰਤੀਤ ਹੁੰਦਾ ਹੈ। ਇਸ ਦੇ ਲਈ ਮੈਂ ਬਾਰ ਬਾਰ ਗੁਰੂ ਮਹਾਰਾਜ ਨੂੰ ਧੰਨਵਾਦ ਦਿੰਦਾ ਹਾਂ ਕਿ ਜਿੰਨ੍ਹਾਂ ਦਾ ਬਲ ਪਾ ਕੇ ਮੈ ਅਜਿਹਾ ਕਰ ਰਿਹਾ ਹਾਂ।

ਉਪਰੋਕਤ ਲੇਖ ਵਿੱਚ ਜੋ ਸਚਾਈਆਂ ਬਿਆਨ ਹਨ, ਪੜ੍ਹ ਕੇ ਦਿਲ ਬਹੁਤ ਖੁਸ਼ ਹੁੰਦਾ ਹੈ। "ਮਨੁੱਖ ਦੇ ਆਂਸ਼ਿਕ ਉਪਕਾਰੀ ਤਾਂ ਹੁੰਦੇ ਹਨ, ਬਹੁਤ ਵੱਡੇ ਉਪਕਾਰੀ ਵੀ ਬਹੁਤ ਪਖਾਂ ਵਿੱਚ ਹੁੰਦੇ ਹਨ। ਐਪਰ ਕੋਈ ਵੀ ਮਨੁੱਖ ਸਰਵ ਪਖਾਂ ਵਿੱਚ ਹਿੱਤ ਕਰਨ ਵਾਲਾ ਨਹੀਂ ਹੋ ਸਕਦਾ। ਨੇਚਰ ਨੇ ਇਹ ਯੋਗਤਾ ਕੇਵਲ ਮਾਤਰ ਦੇਵ ਆਤਮਾ ਨੂੰ ਹੀ ਪ੍ਰਦਾਨ ਕੀਤੀ ਹੈ।" ਇਸ ਲੇਖ ਵਿੱਚ ਦੇਵ ਆਤਮਾ ਦੇ ਰੂਪ ਨੂੰ ਹੀ ਦਰਸ਼ਾਉਣ ਦੀ ਕੋਸ਼ਿਸ ਕੀਤੀ ਗਈ ਹੈ। ਇਸ ਲਈ ਬਾਰ ਬਾਰ ਧੰਨਵਾਦ ਕਹਿਣ ਨੂੰ ਦਿਲ ਕਰਦਾ ਹੈ।

ਮਹੋਤਸਵ ਦੀਆਂ ਸਭਾਂਵਾਂ ਬਹੁਤ ਚੰਗੀਆਂ ਲਗੀਆਂ। ਆਪਣੀਆਂ ਨੀਚਤਾਂਵਾਂ ਦੇ ਵੱਲ ਧਿਆਨ ਗਿਆ। ਖਾਸ ਕਰ ਆਖ਼ਰੀ ਭਾਵ ਪ੍ਰਕਾਸ਼ ਵਾਲੀ ਸਭਾ ਬਹੁਤ ਚੰਗੀ ਲਗੀ। ਸਾਥੀ ਸੇਵਕ ਸ਼੍ਰੀਮਾਨ ਮਧੂ ਸੂਦਨ ਜੀ ਨੇ ਮੇਰੀ ਹਾਲਤ ਦੇਖ ਕੇ ਮੈਨੂੰ ਇੱਕ ਦੇਸੀ ਦਵਾਈ ਦਿੱਤੀ ਸੀ। ਜਿਸ ਦਾ ਮੈਂ ਪ੍ਰਯੋਗ ਕਰ ਰਿਹਾ ਹਾਂ। ਜਿਸ ਨਾਲ ਮੈਨੂੰ ਬੜੀ ਰਾਹਤ ਮਿਲੀ। ਮੈਂ ਦਿਲੋਂ ਬਾਰ-ਬਾਰ ਮਧੂ-ਸੂਦਨ ਜੀ ਨੂੰ ਧੰਨਵਾਦ ਦਿੰਦਾ ਹਾਂ। ਉਹਨ੍ਹਾਂ ਲਈ ਸ਼ੁਭ ਕਾਮਨਾ ਕਰਦਾ ਹਾਂ।

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,
House No. 3154,
Sector 21-D, Chandigarh-160022,
Phone (95-172)-2716914 / 2716139.

ਹਿਤ ਸਰੋਤ

ਖੰਡ-17 ਮਾਰਚ 2004 **ਸੰਪਾਦਕ :**

ਅੰਕ -3 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਦੇਵ ਰੂਪ ਤੇ ਚਿੰਤਨ - 10

ਸਤਿ ਮੁਕਤੀ ਦਾਤਾ

ਦੇਵ ਆਤਮਾ ਦਾ ਅਵਿਰਭਾਵ ਵਿਕਾਸ ਕਰਮ ਦਾ ਅਦਭੁਤ-ਚਮਤਕਾਰ ਹੈ। ਉਹ ਅਦੁੱਤੀ ਸ਼ਕਤੀਆਂ ਲੈ ਕੇ ਆਏ ਹਨ, ਅਮੁਨੱਖੀ ਜੋਤੀ ਲੈਕੇ ਆਏ ਹਨ। ਉਨ੍ਹਾਂ ਨੇ ਵਿਗਿਆਨਕ ਆਧਾਰ ਤੇ ਧਰਮ ਜਗਤ ਵਿੱਚ ਅਦੁੱਤੀ ਇਨਕਲਾਬ ਪੈਦਾ ਕੀਤਾ ਹੈ। ਉਨ੍ਹਾਂ ਨੇ ਧਰਮ ਨੂੰ ਅਤੇ ਅਧਿਆਤਮਕ ਵਿਸ਼ਿਆਂ ਨੂੰ ਨਵੇਂ ਅਰਥ ਦਿੱਤੇਹਨ, ਅਤੇ ਮਾਨਵ ਜਗਤ ਉੱਤੇ ਅਦੁੱਤੀ ਬਰਕਤਾਂ ਦੇ ਭੰਡਾਰ ਖੋਲੇ ਹਨ। ਉਨ੍ਹਾਂ ਇਕ ਅਨੋਖੇ ਧਰਮ ਵਿਗਿਆਨ ਨੂੰ ਜਨਮ ਦਿੱਤਾ ਹੈ। ਮਾਨਵ ਹਿੱਤਾ ਦਾ ਨਵਾਂ ਦੁਆਰ ਖੋਲਿਆ ਹੈ।

ਦੇਵ ਆਤਮਾ ਦੇ ਸਤਿ ਮੁਕਤੀ ਦਾਤਾ ਰੂਪ ਦਾ ਬਿਆਨ ਕਰਨ ਤੋਂ ਪਹਿਲੋਂ ਅਸੀਂ ਇਹ ਦੇਖ ਦੇ ਹਾਂ ਕਿ ਪ੍ਰਚਲਤ ਸੰਸਾਰ ਦੇ ਧਰਮ ਮੁਕਤੀ ਨੂੰ ਕਿਵੇਂ ਸਮਝਦੇ ਹਨ। ਉਨ੍ਹਾਂ ਦੇ ਮੁਕਤੀ ਬਾਰੇ ਵਿਚਾਰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ।

1. **ਤ੍ਰੀਤਾਪ ਤੋਂ ਮੁਕਤੀ** :- ਉਪਨਿਸ਼ਦ ਕਾਰਾਂ ਨੇ ਜਾਣਿਆਂ ਕਿ ਮਨੁੱਖ ਨੂੰ ਤਿੰਨ ਪ੍ਰਕਾਰ ਦਾ ਦੁਖ ਜਾਂ ਤਾਪ ਮਿਲਦਾ ਹੈ।

(ਕ) **ਅਧਿਆਤਮਕ** ਅਰਥਾਤ ਬੁਖਾਰ ਆਦਿ ਰੋਗ ਤੋਂ, ਜਾਂ ਕਿਸੇ ਅਭਿਲਾਖਾ ਵਾਲੀ ਵਸਤੂ ਦੇ ਪ੍ਰਾਪਤ ਨ ਹੋਣ ਜਾਂ ਵਿਜੋਗ ਤੋਂ।

(ਖ) **ਅਧਿਭੌਤਕ** - ਅਰਥਾਤ ਕਿਸੇ ਮਨੁੱਖ, ਪਸ਼ੂ ਆਦਿ ਦੇ ਮਾਰਣ ਨਾਲ ਵੱਡਣ ਜਾਂ ਡੰਗ ਮਾਰਨ ਨਾਲ।

(ਗ) **ਆਧਿ ਦੈਵਕ** - ਅਰਥਾਤ ਗਰਮੀ ਸਰਦੀ ਵਰਖਾ ਆਦਿ ਤੋਂ।

ਮਨੁੱਖ ਇਹ ਤੱਤ ਗਿਆਨ ਹੋਣ ਨਾਲ ਕਿ ਮੈਂ ਸਰੀਰ ਨਹੀਂ, ਆਤਮਾ ਹਾਂ, ਸਰੀਰ ਨੂੰ ਦੁੱਖ ਮਿਲਦੇਹਨ। ਮੈਂ ਸਰੀਰ ਤੋਂ ਵੱਖ ਹਾਂ, ਅਗਿਆਨ ਵਸ਼ ਆਪਣੇ ਆਪ ਨੂੰ ਸਰੀਰ ਸਮਝਦਾ ਹਾਂ, ਉਸਤੇ ਸੁਖ ਦੁਖ ਨੂੰ ਅਨੁਭਵ ਕਰਦਾ ਹਾਂ, ਇਸ ਅਭਿਆਸ ਨਾਲ ਤਿੰਨੋਂ ਪ੍ਰਕਾਰ ਦੇ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ।

2. **ਭਰਮ ਅਰਥਾਤ ਮਾਇਆ ਤੋਂ ਮੁਕਤੀ** :- ਜਿਸ ਸੰਸਾਰ ਵਿੱਚ ਰਹਿ ਕੇ ਮਨੁੱਖ ਦੁਖੀ ਸੁਖੀ ਅਨੁਭਵ ਕਰਦਾ ਹੈ, ਇਹ ਸੰਸਾਰ ਹੀ ਭਰਮ ਮਾਤਰ ਹੈ। ਇਕ ਬਰ੍ਹਮ ਤੋਂ ਛੁੱਟ ਹੋਰ ਕੁੱਝ ਸਤਿ ਨਹੀਂ। ਜੀਵ ਵੀ ਉਸੇ ਦਾ ਰੂਪ ਜਾਂ ਅੰਸ਼ ਹੈ। ਭਰਮ ਜਾਂ ਮਾਇਆ ਕਾਰਨ ਉਹ ਇਸ ਪ੍ਰਕਾਰ ਦੇਖਦਾ ਹੈ। ਜੋਗ ਸਾਧਨਾਂ ਨਾਲ ਉਸ ਦਾ ਇਹ ਅਗਿਆਨ ਦੂਰ ਹੋ ਜਾਂਦਾ ਹੈ। ਮਾਇਆ ਤੋਂ ਮੁਕਤੀ ਪਾ ਕੇ ਉਹ ਪੂਰਨ ਅਨੰਦ ਮਯ ਬਣ ਜਾਂਦਾ ਹੈ।

3. **ਪੁਨਰ ਜਨਮ ਤੋਂ ਜਾਂ ਜੂਨੀ ਤੋਂ ਮੁਕਤੀ** :- ਮਨੁੱਖ ਆਤਮਾ ਆਪਣੇ ਭੱਲੇ ਬੁਰੇ ਕਰਮਾਂ ਅਨੁਸਾਰ ਗਧਾ ਘੋੜਾ ਕੁਤਾ, ਮੱਛਰ, ਸਪ ਖਟਮਲ ਬਿਛੂ ਤੇ ਪੇੜ ਪੌਦੇ ਬਣਦਾ ਹੈ। ਭਲੇ ਬੁਰੇ ਕਰਮਾਂ ਦੋਨਾਂ ਤੋਂ ਹੀ ਮੁਕਤੀ ਦੀ ਲੋੜ ਹੈ। ਜੋਗ ਸਾਧਨ ਰਾਹੀ "ਤੱਤ ਗਿਆਨ" ਦੇ ਪ੍ਰਾਪਤ ਹੋਣ ਨਾਲ, ਤੱਦ ਇਹ ਮੁਕਤੀ ਮਿਲਦੀ ਹੈ। ਆਤਮਾ ਸਦਾ ਲਈ ਬਰ੍ਹਮ ਲੀਣ ਹੋ ਜਾਂਦਾ ਹੈ, ਤੇ ਫੇਰ ਉਸਦਾ ਪੁਨਰਜਨਮ ਨਹੀਂ ਹੁੰਦਾ। ਇਹ ਮੋਖਸ਼ ਤੇ ਨਿਰਵਾਣ ਵੀ ਕਹਿਲਾਉਂਦੀ ਹੈ।

ਪੁਨਰ ਜਨਮ ਤੋਂ ਪੁਰਾਣਿਕ ਹਿੰਦੂ ਮੁਕਤੀਆਂ, ਸ਼ਨਾਣ ਦੁਆਰਾ, ਖਾਸ ਮੰਦਰਾਂ ਦੇ ਦਰਸ਼ਣ ਦੁਆਰਾ, ਖਾਸ ਚਿੰਨ੍ਹ ਧਾਰਨ ਦੁਆਰਾ, ਕਾਂਸੀ ਆਦਿ ਖਾਸ ਸਥਾਨ ਤੇ ਮਰਨ ਦੁਆਰਾ, ਖਾਸ ਮੰਤਰ ਜਾਂ ਨਾਮ ਜਾਂ ਸ਼ਬਦ ਉਚਾਰਣ ਦੁਆਰਾ ਵੀ ਮੁਕਤੀ ਮਿਲ ਜਾਂਦੀ ਹੈ।

4. **ਤਾਂਤ੍ਰਿਕ ਹਿੰਦੂ ਮੁਕਤੀਆਂ ਬਲੀ ਰਾਹੀ** :- ਖਾਸ ਦੇਵਤਿਆਂ ਨੂੰ ਖਾਸ ਖਾਸ ਪਸ਼ੂਆਂ ਦੀ ਬਲੀ ਦੇਣ ਨਾਲ, ਮਾਸ, ਮੰਦਿਰਾ, ਮੱਛੀ, ਮਦਰਾ ਆਦਿ ਖਾਣ ਨਾਲ ਅਤੇ ਮੈਥੁਨ ਕਰਨ ਨਾਲ, ਇਹ ਮੁਕਤੀ ਮਿਲ ਜਾਂਦੀ ਹੈ।

5. **ਬੁੱਧ ਮੁਕਤੀ** :- ਮਨੁੱਖ ਅਸਤਿੱਤ ਦੁਖ ਮਯ ਹੈ। ਉਹ ਨਾਨਾਂ ਪ੍ਰਕਾਰ ਦੇ ਦੁੱਖ ਭੋਗਦਾ ਹੈ।

(ਕ) ਜੰਮਣ ਦਾ ਦੁੱਖ, ਬੁਢਾਪੇ ਦਾ ਦੁੱਖ, ਰੋਗ ਦਾ ਦੁੱਖ, ਮੌਤ ਦਾ ਦੁੱਖ, ਪਿਆਰੀ ਚੀਜ਼ ਦੋ ਵਿਛੋੜੇ ਦਾ ਦੁਖ, ਅਪਿਆਰੇ ਨਾਲ ਰਹਿਣ ਦਾ ਦੁਖ, ਕਿਸੇ ਆਸਾ, ਇੱਛਾ ਦੀ ਪੂਰਤੀ ਨ ਹੋਣ ਦਾ ਦੁੱਖ।

(ਖ) ਇਨ੍ਹਾਂ ਦੁਖਾਂ ਦਾ ਕਾਰਨ ਉਸਦੇ ਅੰਦਰ ਜੀਣ ਦੀ ਅਤੇ ਸੁਖ ਭੋਗਣ ਦੀ ਤਰਿਸ਼ਨਾ ਹੈ। ਜਿਸ ਕਾਰਨ ਉਹ ਬਾਰ ਬਾਰ ਜਨਮ ਲੈਂਦਾ ਹੈ।

(ਗ) ਇਹ ਦੁੱਖ ਦੂਰ ਹੋ ਕੇ ਉਸ ਨੂੰ ਪੁਨਰ ਜਨਮ ਤੋਂ ਮੁਕਤੀ ਮਿਲ ਸਕਦੀ ਹੈ।

ਇਨ੍ਹਾਂ ਦੁਖਾਂ ਤੋਂ ਮੁਕਤੀ ਤੇ 8 ਸਾਧਣ ਹਨ ਜੋ ਅਸ਼ਠ-ਮਾਰਗ ਹੈ। ਅਰਥਾਤ ਸਦ-ਵਿਸ਼ਵਾਸ, ਸਤਿ ਚਿੰਤਾ, ਸਤਿਵਾਕ, ਸਤਿ ਵਿਹਾਰ, ਸਤਿ ਆਜੀਵਕਾ, ਸਤਿ ਚੇਸ਼ਟਾ, ਸਤਿ-ਸਿਮ੍ਰਤੀ, ਸਤਿ ਧਿਆਣ।

ਬੁੱਧ ਮੱਤ ਅਨੁਸਾਰ ਕਿਸੇ ਇਸਤਰੀ ਨੂੰ ਇਹ ਮੁਕਤੀ ਨਹੀਂ ਮਿਲ ਸਕਦੀ ਅਤੇ ਮਨੁੱਖ ਨੂੰ ਵੀ ਪਤਨੀ ਤਿਆਗ ਕਰਕੇ, ਕੁਵਾਰਾਂ ਹੋ ਕੇ ਹੀ, ਇਹ ਮੁਕਤੀ ਮਿਲ ਸਕਦੀ ਹੈ।

6. **ਈਸਾਈ ਮੁਕਤੀ** :- ਈਸਾ ਮਸੀਹ, ਈਸਵਰ ਦਾ ਅਕਲੌਤਾ ਪੁਤਰ ਤੇ ਅਵਤਾਰ ਹੈ। ਮਨੁੱਖਾਂ ਨੂੰ ਬਚਾਉਣ ਦੇ ਲਈ ਸੂਲੀ ਤੇ ਚੜ੍ਹ ਕੇ ਉਨਾਂ ਦੇ ਸਭ ਪਾਪਾਂ ਨੂੰ ਆਪਣੇ ਸਿਰ ਲੈਲਿਆ ਹੈ। ਈਸਾ ਉਤੇ ਜੋ ਜਨ ਇਹ ਵਿਸ਼ਵਾਸ ਕਰੇਗਾ ਕਿ ਉਹ ਮੇਰਾ ਤਰਾਤਾ ਹੈ, ਤਾਂ ਈਸ਼ਵਰ ਉਸ ਦੇ ਸਭ ਪਾਪ ਮੁਆਫ ਕਰ ਦਿੰਦਾ ਹੈ, ਸੁਰਗ ਵਿੱਚ ਭੇਜ ਦਿੰਦਾ ਹੈ। ਉਹ ਮੁਕਤ ਹੋ ਜਾਂਦੇ ਹਨ।

7. **ਮੁਸਲਮ ਮੁਕਤੀ** :- ਖੁਦਾ ਆਪਣੇ ਬੰਦਿਆਂ ਲਈ ਸਮੇਂ ਸਮੇਂ ਤੇ ਆਪਣਾ ਰਸੂਲ ਭੇਜਦਾ ਰਹਿੰਦਾ ਹੈ ਤਾਂ ਜੋ ਉਸਦੀ ਹਦਾਇਤ ਅਨੁਸਾਰ ਕੇਵਲ ਉਸੇ ਨੂੰ ਆਪਣਾ ਇਸ਼ਟ ਮੰਨਣ ਅਤੇ ਹੋਰ ਕਿਸੇ ਦੇਵੀ ਦੇਵਤਾ ਨੂੰ ਨ ਮਨੰਣ। ਮੁਹਮਦ ਸਾਹਿਬ ਆਖਰੀ ਰਸੂਲ ਹਨ। ਜੋ ਲੋਕ, ਉਨ੍ਹਾਂ ਨੂੰ ਆਪਣਾ ਰਸੂਲ ਅਤੇ ਖੁਦਾ ਨੂੰ ਆਪਣਾ ਇਸ਼ਟ ਮੰਨਣਗੇ ਤਾਂ ਖੁਦਾ ਉਨਾਂ ਦੇ ਗੁਨਾਂਹ ਇਨਸਾਫ ਦੇ ਦਿਨ ਮੁਆਫ ਕਰ ਦੇਵੇਗਾ। ਗੁਨਾਹ ਤੇ ਸਵਾਬ ਤੋਲਣ ਵੇਲੇ ਸਵਾਬਾ ਦੇ ਪਲੜੇ ਤੇ ਹੱਥ ਰਖ ਦੇਵੇਗਾ। ਇਸ ਪ੍ਰਕਾਰ ਪਾਪ ਦੰਡ ਤੋਂ ਮੁਕਤੀ ਅਤੇ ਬਹਿਸ਼ਤ ਤੇ ਉਸਦੇ ਸੁਖਾਂ - ਅੰਗੂਰ, ਦੁੱਧ ਤੇ ਦਰਿਆ ਤੇ ਹੂਰਾਂ ਦੀ ਪ੍ਰਾਪਤੀ ਹੋਵੇਗੀ।

8. **ਬਰ੍ਹਮੋ ਮੁਕਤੀ** :- ਬਰ੍ਹਮੋ ਲੋਕ ਮੰਨਦੇ ਹਨ ਕਿ ਜੋ ਜਨ ਈਸ਼ਵਰ ਨੂੰ ਦਿਆ ਮਯ ਜਾਣ ਕੇ ਆਪਣੇ ਕਿਸੇ ਪਾਪ ਲਈ ਸ਼ੋਕ ਗਰੱਸਤ ਹੋਵੇਗਾ,ਉਦੇ ਫਲ ਜਾਂ ਦੰਡ ਤੋਂ ਬਚਣ ਦੇ ਲਈ ਖਿਮਾ ਪ੍ਰਾਰਥਨਾ ਕਰੇਗਾ, ਉਸ ਨੂੰ ਈਸ਼ਵਰ ਮੁਆਫ ਕਰ ਦੇਵੇਗਾ। ਉਨ੍ਹਾਂ ਦੇ ਵਿਸ਼ਵਾਸ ਦੇ ਅਨੁਸਾਰ ਹਰ ਮਨੁੱਖ ਨੂੰ ਈਸ਼ਵਰ ਤੋਂ ਕਦੇ ਨ ਕਦੇ ਮੁਆਫੀ ਜਰੂਰ ਮੰਗਣੀ ਪਏਗੀ ਤੇ ਪਾਪਾਂ ਤੋਂ ਮੁਕਤੀ ਅਤੇ ਅਨੰਤ ਉਨਤੀ ਪ੍ਰਾਪਤ ਕਰਨੀ ਪਵੇਗੀ।

9. **ਆਰੀਆਂ ਮੁਕਤੀ** :- ਆਰੀਆ ਸਮਾਜੀ ਲੋਕ ਪੁਨਰ ਜਨਮ ਨੂੰ ਮੰਨਦੇ ਹਨ। ਚੰਗੇ ਕਰਮਾਂ ਵਾਲਾ ਕਿਸੇ ਰਾਜੇ ਜਾਂ ਅਮੀਰ ਦੇ ਘਰ ਜਨਮ ਲੈ ਕੇ ਬਹੁਤ ਸੁਖ ਭੋਗਦਾ ਹੈ। ਮੰਦੇ ਕਰਮਾਂ ਵਾਲ ਘਾਸ, ਪੇੜ, ਭੰਗੀ ਬਣਦਾ ਹੈ। ਚੰਗੇ ਕਰਮਾਂ ਨਾਲ ਚੰਗੇ ਅਮੀਰ ਘਰ ਜਨਮ ਲੈਣ ਵਾਲਾ, "ਸਾਮਾਨੀਏ ਸੁਖ" ਅਤੇ ਪਾਪੀ, ਏਥੇ ਆ ਕੇ ਜੋ ਦੁਖ ਪਾਉਂਦਾ ਹੈ, ਉਹ "ਸਾਮਾਨੀਏ ਨਰਕ" ਭੋਗਦਾ ਹੈ। ਜਦ ਤਕ ਉਸ ਦੀ ਇਨ੍ਹਾਂ ਕਰਮਾ ਤੋਂ ਮੁਕਤੀ ਨਹੀਂ ਹੁੰਦੀ, ਤੱਦ ਤਕ ਉਹ ਏਸੇ ਪ੍ਰਕਾਰ ਸਵਰਗ ਨਰਕ ਭੋਗਦਾ ਰਹਿੰਦਾ ਹੈ। ਫੇਰ ਜਦ ਉਸ ਦੀ ਸਾਰੇ ਕਰਮਾਂ ਤੋਂ ਮੁਕਤੀ ਹੋ ਜਾਂਦੀ ਤਾਂ ਉਹ ਈਸ਼ਵਰ ਦੀ ਗੋਦ ਵਿਚ "ਵਿਸ਼ੇਸ਼ ਸਵਰਗ" ਵਿੱਚ ਰਹਿੰਦਾ ਹੈ। ਉਥੇ ਨੀਲਾਂ ਖਰਬਾਂ ਸਾਲ ਰਹਿ ਕੇ ਫੇ ਰ "ਵਿਸ਼ੇਸ਼ ਸਵਰਗ" ਚੋਂ ਕੱਢਿਆ ਜਾਂਦਾ ਹੈ। ਫੇਰ ਇਸ ਧਰਤੀ ਤੇ ਜਨਮ ਲੈਂਦਾ ਹੈ ਤੇ ਕਰਮਾਂ ਦੇ ਚਕਰ ਵਿੱਚ ਪੈਕੇ ਫੇਰ ਜੂਨੀਆਂ ਭੋਗਦਾ ਹੈ। ਸਦਾ ਲਈ ਕਦੀ ਵੀ ਕਿਸੇ ਦੀ ਵੀ ਪੁਨਰ ਜਨਮ ਤੋਂ ਮੁਕਤੀ ਨਹੀਂ ਹੁੰਦੀ।

ਉਕਤ ਸਭ ਮੁਕਤੀਆਂ ਮਨੁੱਖੀ ਕਲਪਣਾ ਦਾ ਨਤੀਜਾ ਹਨ। ਇਸਦਾ ਮੁੱਖ ਕਾਰਨ ਇਹ ਵੀ ਹੈ ਕਿ ਮਨੁੱਖ ਨੂੰ ਆਪਣੇ ਅਸਤਿੱਤ ਸਬੰਧੀ ਵਿਸ਼ੇਸ਼ ਕਰ ਆਪਣੀ ਜੀਵਨੀ ਸ਼ਕਤੀ, ਜਾਣ ਜਾਂ ਆਤਮਾ ਸਬੰਧੀ ਕੋਈ

ਵਿਗਿਆਨਕ ਗਿਆਨ ਨਹੀਂ ਸੀ ਅਤੇ ਪੂਰਨ ਅੰਧਕਾਰ ਹੀ ਸੀ। ਅੰਧੇਰ ਵਿੱਚ ਅਵਿਗਿਆਨਕ ਕਲਪਣਾਵਾਂ ਦਾ ਹੋਣਾ ਜਰੂਰੀ ਗਲ ਸੀ।

ਦੇਵ ਆਤਮਾ ਵਿਕਾਸ ਕਰਮ ਵਿੱਚ ਨਵੀਂ ਰੋਸ਼ਨੀ ਲੈਕੇ ਆਏ ਹਨ। ਉਨ੍ਹਾਂ ਦਾ ਪ੍ਰਕਾਸ਼ ਵੀ ਵਿਗਿਆਨਕ ਜੁੱਗ ਵਿੱਚ ਹੋਇਆ ਹੈ। ਉਹ ਪੁਰਾਣੇ ਧਾਰਮਕ ਰਹਿਬਰਾਂ ਵਾਂਗ ਵਿਗਿਆਨ ਦੀ ਰੋਸ਼ਨੀ ਤੋਂ ਵੀ ਅਭਿਗ ਨਹੀਂ ਸਨ। ਉਨ੍ਹਾਂ ਨੇ ਪਹਿਲੀ ਵੇਰ ਮਨੁੱਖ ਦੇ ਸਰੂਪ ਤੋਂ ਢੱਕਣ ਚੁਕਿਆ ਹੈ। ਉਨ੍ਹਾਂ ਦੱਸਿਆ ਹੈ ਕਿ ਮਨੁੱਖ ਵਾਸਤਵ ਵਿੱਚ ਕੀ ਹੈ। ਮਨੁੱਖ ਦੀ ਵਾਸ਼ਤਵਿਕਤਾ ਨਾਲ ਉਸ ਦੀ ਮੁਕਤੀ ਦਾ ਗਿਆਨ ਜੁੜਿਆ ਹੋਇਆ ਹੈ।

ਮਨੁੱਖ ਦੀ ਹਸਤੀ ਕੀ ਹੈ? ਕੁਦਰਤ ਦੀ ਹਰ ਹਸਤੀ ਵਾਂਗ, ਮਨੁੱਖ ਦਾ ਅਸਤਿੱਤ ਵੀ ਦੋ ਚੀਜਾਂ ਨੂੰ ਲੈਕੇ ਬਣਿਆ ਹੋਇਆ ਹੈ। ਇਕ ਹੈ ਉਸ ਦਾ ਜੀਵਤ ਭੌਤਕ ਸਰੀਰ, ਅਤੇ ਦੂਜੀ ਹੈ ਉਸ ਦੀ ਜੀਵਨੀ ਸ਼ਕਤੀ, ਜਾਣ ਜਾਂ ਜੀਵ ਜਾਂ ਆਤਮਾ। ਮਨੁੱਖ ਸਰੀਰ ਦੀ ਤਾਂ ਮਨੁੱਖ ਨੂੰ ਕੁਝ ਜਾਣਕਾਰੀ ਹੈ, ਐਪਰ ਜੀਵਨੀ ਸਕਤੀ ਜਾਂ ਆਤਮਾ ਸਬੰਧੀ ਉਸ ਨੂੰ ਕੋਈ ਠੀਕ ਜਾਣਕਾਰੀ ਨਹੀਂ। ਉਸ ਨੂੰ ਬ੍ਰਹਮ ਦਾ ਸਰੂਪ, ਬਰ੍ਹਮ ਦਾ ਅੰਸ਼, ਜਾਂ ਜੋਤ ਸਰੂਪ, ਜਾਂ ਹੁਕਮ, ਸਮਝਿਆ ਜਾਂਦਾ ਹੈ ਜੋ ਕਿ ਪੂਰਨ ਅਵਿਗਿਆਨਕ ਤੇ ਕਲਪਤ ਹੈ। ਮਨੁੱਖ ਦੀ ਜੀਵਨੀ ਸ਼ਕਤੀ ਹੀ, ਮਨੁੱਖ ਦੇ ਅਸਤਿੱਤ ਅੰਦਰ ਮੂਲ ਵਸਤੂ ਹੈ। ਇਹੋ ਅਸਲ ਤੇ ਸਾਰ ਪਦਾਰਥ ਹੈ। ਇਸ ਨੂੰ ਲੈ ਕੇ ਹੀ ਮਨੁੱਖ ਜੀਵਨ ਦੀ ਸਾਰੀ ਲੀਲਾ ਹੈ। ਮਨੁੱਖ ਦੀ ਸਤਿ, ਮੁਕਤੀ, ਮਨੁਖੀ ਜੀਵਨੀ ਸ਼ਕਤੀ ਜਾਂ ਆਤਮਾ ਦੇ ਨਾਲ ਹੀ ਪੂਰੀ ਪੂਰੀ ਜੁੜੀ ਹੋਈ ਹੈ।

ਮਨੁੱਖੀ ਜੀਵਨੀ ਸ਼ਕਤੀ ਕੋਈ ਵਹਿਮੀ ਜਾਂ ਖਿਆਲੀ ਚੀਜ ਨਹੀਂ। ਇਹ ਸਰੀਰ ਦੇ ਵਾਂਗ ਅਵਸ਼ ਹੈ। ਇਹ ਪਸ਼ੂਆਂ ਪੌਦਿਆਂ ਅੰਦਰ ਵੀ ਹੈ। ਇਹ ਕੋਈ ਨਿਰਲੇਪ ਵਸਤੂ ਨਹੀਂ ਇਹ ਮਨੁੱਖੀ ਸਰੀਰ ਵਾਂਗ, ਨੇਚਰ ਦੇ ਨੇਮਾਂ ਆਧੀਣ ਹੈ। ਇਸ ਉਤੇ ਵੀ ਸਰੀਰ ਵਾਂਗ ਨੇਚਰ ਦਾ ਪਰਿਵਰਤਨ ਦਾ ਨੇਮ ਪੂਰੀ ਤਰ੍ਹਾਂ ਲਾਗੂ ਹੈ। ਇਹ ਹਰ ਸਮੇ ਂ ਬਦਲਦੀ ਹੈ। ਬਣਦੀ ਹੈ ਜਾਂ ਵਿਗਿੜਦੀ ਹੈ। ਇਹ ਅਵਿਨਾਸ਼ੀ ਨਹੀਂ, ਨਾਸ਼ਵਾਨ ਵੀ ਹੈ।

ਦੇਵ ਆਤਮਾ ਨੇ ਆਪਣੀ ਰੋਸ਼ਨੀ ਵਿੱਚ ਵੇ ਖਿਆ ਹੈ, ਕਿ ਮਨੁੱਖ ਫਿਤਰਤ ਤੋਂ ਹੀ ਸੁੱਖਾਂ ਦਾ ਲਾਲਸੀ ਅਤੇ ਅਨੁਰਾਗੀ ਹੈ। ਸੁੱਖ ਅਨੁਰਾਗ ਕਾਰਨ ਮਨੁੱਖੀ ਆਤਮਾ ਦਾ ਰੋਗੀ ਹੋਣਾ ਜਰੂਰੀ ਹੈ। ਇਸ ਲਈ ਸਭ ਮਨੁੱਖ ਆਤਮਕ ਰੋਗੀ ਹਨ, ਕੇਵਲ ਵੱਧ ਘੱਟ ਦਾ ਫਰਕ ਹੈ। "ਮਨੁੱਖੀ ਆਤਮਾ ਰੋਗੀ ਹਨ", ਇਹ ਸਚਾਈ ਸੰਸਾਰ ਨੂੰ ਦੇਵ ਆਤਮਾ ਦੀ ਬਿਲਕੁਲ ਹੀ ਇੱਕ ਨਵੀਂ ਦੇਣ ਹੈ। ਇਹ ਕੋਈ ਈਸ਼ਵਰ ਅੰਸ਼ ਨਹੀਂ ਕੋਈ ਨਿਰਲੇਪ ਨਹੀਂ, ਕੋਈ ਅਵਿਨਾਸ਼ੀ ਨਹੀਂ। ਇਹ ਸਾਡੇ ਸਰੀਰ ਵਾਂਗ ਇਕ ਪੂਰਨ ਸਤਿ ਹਸਤੀ ਜਾਂ ਪਦਾਰਥ ਹੈ। ਇਹ ਸ਼ਕਤੀ ਮੇਯ ਤੇ ਗਠਨ ਪ੍ਰਾਪਤ ਹੈ। ਆਤਮਕ ਰੋਗਾਂ ਨਾਲ ਜਾਂ ਨੀਚ ਸੁੱਖ ਅਨੁਰਾਗਾਂ ਨਾਲ ਆਤਮਕ ਗਠਣ ਜਾਂ ਬਣਤਰ ਦੀ ਉਸੇ ਪ੍ਰਕਾਰ ਹਾਨੀ ਹੁੰਦੀ ਹੈ, ਜਿਵੇਂ ਸਰੀਰ ਦੀ ਰੋਗਾਂ ਨਾਲ ਹੁੰਦੀ ਹੈ। ਇਸ ਲਈ ਠੀਕ ਹੀ ਕਿਹਾ ਗਿਆ ਹੈ।

"ਇਕ ਦੋ ਜਾਂ ਚਾਰ ਦੀ ਗੱਲ ਨਾਹੀ, ਰੋਗੀ ਆਤਮਾ ਕੁਲ ਸੰਸਾਰ ਦਿਖੇ" ਦੇਵ ਆਤਮਾ ਨੇ ਮੁਕਤੀ ਨੂੰ ਵੀ ਬਿਲਕੁਲ ਨਵੇਂ ਅਰਥ ਦਿੱਤੇ ਹਨ। ਜਿਦੋਂ ਮਨੁੱਖੀ ਹਸਤੀ ਵਿੱਚ ਅਸਲ, ਸਤਿ ਅਤੇ ਸਾਰ ਹਸਤੀ ਮਨੁੱਖੀ ਆਤਮਾ ਹੀ ਹੈ, ਸਰੀਰ ਤਾਂ ਉਸਦਾ ਵਾਸ ਸਥਾਨ ਜਾਂ ਘਰ ਹੈ, ਇਸ ਲਈ ਸਤਿ ਮੁਕਤੀ ਨੂੰ ਆਤਮਾ ਨਾਲ ਜੋੜਿਆ ਹੈ। ਆਤਮਾ ਦੀ ਮੁਕਤੀ ਹੀ ਸਤਿ ਮੁਕਤੀ ਹੈ, ਨਾ ਕਿ ਤ੍ਰੀਤਾਪ ਤੋਂ, ਪੁਨਰ ਜਨਮ ਤੋਂ, ਨਰਕਾਂ ਤੋਂ ਮੁਕਤੀ, ਈਸਵਰ ਵਿੱਚ ਲੀਣ ਹੋਣਾਂ ਕੋਈ ਮੁਕਤੀ ਨਹੀਂ।

ਨੀਚ ਜੀਵਨ ਤੋਂ ਮੁਕਤੀ, ਆਤਮਕ ਹਾਨੀ ਤੋਂ ਮੁਕਤੀ, ਆਤਮਕ ਪਤਨ ਤੋਂ ਮੁਕਤੀ, ਨੀਚ ਪਰਿਵਰਤਨ ਤੋਂ ਮੁਕਤੀ, ਨੀਚ ਗਤੀਆਂ ਤੋਂ ਮੁਕਤੀ, ਨੀਚ -ਸੁੱਖ ਅਨੁਰਾਗਾਂ ਤੋਂ ਮੁਕਤੀ, ਆਤਮਕ ਨਾਸ਼ ਤੋਂ ਮੁਕਤੀ ਹੀ ਕੇਵਲ ਅਰ ਕੇਵਲ ਸਤਿ ਮੁਕਤੀ ਹੈ, ਹੋਰ ਕੁਝ ਵੀ ਸਤਿ ਮੁਕਤੀ ਨਹੀਂ। ਪਾਪ ਤੋਂ ਅਤੇ ਮਿੱਥਿਆਂ ਤੋਂ ਮੁਕਤੀ ਹੀ ਸਤਿ ਮੁਕਤੀ ਹੈ। ਆਤਮ ਕੋਹੜ ਤੋਂ ਮੁਕਤੀ ਸਤਿ ਮੁਕਤੀ ਹੈ।

"ਆਤਮਾ ਦੀ ਹਾਨੀ ਹੁੰਦੀ ਹੈ, ਆਤਮਾਂ ਦੀ ਮੌਤ ਹੁੰਦੀ ਹੈ" ਇਹ ਸਚਾਈ ਵੀ ਸੰਸਾਰ ਨੂੰ ਦੇਵ ਆਤਮਾ ਦੀ ਇਕ ਬਿਲਕੁਲ ਹੀ ਨਵੀਂ ਦੇਣ ਹੈ। ਦੇਵ ਆਤਮਾ ਤੋਂ ਪਹਿਲੋਂ ਜਾਂ ਦੇਵ ਆਤਮਾ ਦੇ ਸਿਵਾ ਕੋਈ ਵੀ ਆਤਮਾ ਦੀ ਹਾਨੀ ਤੇ ਆਤਮ ਨਾਸ਼ ਦੀ ਗਲ ਨਹੀਂ ਕਰਦਾ। ਕਿਸੇ ਨੂੰ ਵੀ ਰੂਹਾਂ ਮਰਦੀਆਂ ਨਹੀਂ ਦਿੱਸੀਆਂ।

ਚੂਹਾਂ ਨੂੰ ਕੋਹੜ, ਲੱਗਿਆ ਨਹੀਂ ਦਿਸਦਾ।

ਬਹੁਤ ਹਾਦੀ ਵਾ ਪੈਗੰਬਰ,
ਹੈਂ ਆਏ ਦੁਨੀਆਂ ਕੇ ਅੰਦਰ,
ਨ ਖਟਕਾ ਖੂਨ ਰੂਹੋਂ ਕਾ,
ਜੋ ਹੋਤੇ ਕਤਲ ਹੈਂ ਘਰ ਘਰ,
ਤੁਮ੍ਹੀਂ ਨੇ ਦੇਖ ਯਹ ਮੰਜ਼ਰ,
ਜ਼ਖਮ ਖਾਇਆ ਹੈ ਹਿਰਦੇ ਪਰ,
ਕੀਆ ਕੁਰਬਾਨ ਤਨ ਮਨ ਧਨ,
ਮਗਰ ਉਨ ਕੋ ਬਚਾਇਆ ਹੈ।
ਬਚਾਨਾ ਮਰਤੀ ਰੂੰਹੋਂ ਕੋ,
ਮਿਸ਼ਨ ਆਪਣਾ ਬਨਾਇਆ ਹੈ
ਤੁਮ੍ਹੀਂ ਨੇ ਦੁਨੀਆਂ ਮੇ ਆਕਰ,
ਨਯਾ ਬੀੜਾ ਉਠਾਇਆ ਹੈ।

ਦੇਵ ਆਤਮਾ ਨੇ ਹੀ, ਕੇਵਲ ਔਰ ਕੇਵਲ, ਆਤਮਾ ਨੂੰ ਮਰਦਿਆਂ ਵੇਖਿਆ ਹੈ, ਅਤੇ ਉਨ੍ਹਾਂ ਨੇ ਹੀ ਮਰਦੀਆਂ ਰੂਹਾਂ ਨੂੰ ਬਚਾਉਣਾ ਆਪਣੇ ਜੀਵਨ ਦਾ ਲਖਸ਼ ਰੱਖਿਆ ਹੈ। ਉਨ੍ਹਾਂ ਹੀ ਦੱਸਿਆ ਹੈ ਕਿ ਆਤਮ ਨਾਸ਼ ਤੋਂ ਮੁਕਤੀ ਹੀ ਸਤਿ ਮੁਕਤੀ ਹੈ।

ਆਤਮਾ ਦੀ ਹਾਨੀ ਜਾਂ ਪਤਨ ਕੌਣ ਕਰਦਾ ਹੈ? ਮਨੁੱਖ ਆਤਮਾ ਦਾ ਪਤਨ ਮਨੁੱਖ ਦੀ ਹਰ ਇੱਕ ਮਿੱਥਿਆ ਅਤੇ ਅਹਿਤ (ਪਾਪ), ਮੂਲਕ, ਚਿੰਤਾ ਅਤੇ ਗਤੀ ਕਰਦੀ ਹੈ। ਮਨੁੱਖ ਆਪਣੇ ਨੀਚ ਸੁਖ ਅਨੁਰਾਗਾਂ ਤੇ ਨੀਚ ਘ੍ਰਿਨਾਵਾਂ ਦੁਆਰਾ ਹੀ ਆਪਣੀਆਂ ਉਕਤ ਸਭ ਨੀਚ ਚਿੰਤਾਵਾਂ ਤੇ ਗਤੀਆਂ ਕਰਦਾ ਹੈ। ਇਹੋ ਦੋਵੇਂ ਮਿੱਥਿਆ ਤੇ ਪਾਪ ਦੇ ਸਰੋਤ ਹਨ। ਉਕਤ ਨੀਚ ਗਤੀਆਂ ਤੋਂ ਮੁਕਤ ਹੋਣਾ, ਜਾਂ ਨੀਚ ਰਾਗਾਂ ਤੇ ਨੀਚ ਘ੍ਰਿਣਾਵਾਂ ਤੋਂ ਮੁਕਤ ਹੋਣਾ ਜਾਂ ਆਤਮਕ ਹਾਨੀ ਜਾਂ ਪਤਨ ਦੇ ਕਰਤਾਵਾਂ ਜਾਂ ਸਰੋਤਾਂ ਤੋਂ ਮੁਕਤ ਹੋਣਾ ਹੀ ਸਤਿ ਮੁਕਤੀ ਹੈ।

ਆਤਮਕ ਪਤਨ ਕੀ ਹੁੰਦਾ ਹੈ? ਆਤਮਕ ਗਠਨ ਦੀ ਹਾਨੀ ਨੂੰ ਹੀ ਆਤਮਕ ਪਤਨ ਕਹਿੰਦੇ ਹਨ। ਇਸ ਹਾਨੀ ਦੀਆਂ ਮੋਟੀਆਂ ਚਾਰ ਮੰਜਲਾਂ ਹਨ।

1. ਆਤਮਕ ਅੰਧਤਾ ਤੇ ਕਠੋਰਤਾ, 2. ਪੁੱਠੀ ਦ੍ਰਿਸ਼ਟੀ ਦਾ ਹੋ ਜਾਣਾ, 3. ਅਨੁਚਿਤ ਦੁਖਾਂ ਦਾ ਘਰ ਬਣਨਾ, 4. ਆਤਮਕ ਬਲ ਜਾਂ ਜੀਵਨੀ ਸ਼ਕਤੀ ਦੇ ਬਲ ਦਾ ਹਰਾਸ ਤੇ ਨਾਸ਼, ਜਾਂ ਆਤਮਕ ਮੌਤ।

ਆਤਮਕ ਪਤਨ ਤੋਂ ਕਿਵੇਂ ਮੁਕਤੀ ਪ੍ਰਾਪਤ ਹੋ ਸਕਦੀ ਹੈ? ਮਨੁੱਖ ਆਪਣੀ ਪ੍ਰਕ੍ਰਿਤੀ ਤੋਂ ਹੀ ਨੀਚ ਸੁਖਾਂ ਦਾ ਲਾਲਸੀ ਅਤੇ ਅਨੁਰਾਗੀ ਹੁੰਦਾ ਹੈ। ਉਸਦੇ ਉਕਤ ਸੁੱਖ ਅਨੁਰਾਗ ਤੇ ਉਨ੍ਹਾਂ ਤੇ ਉਤਪੱਤ ਨੀਚ ਘ੍ਰਿਨਾਵਾਂ ਹੀ ਉਸ ਦੇ ਪਤਨ ਦਾ ਮੂਲ ਕਾਰਨ ਹਨ। ਕਿਉਂਕਿ ਉਨ੍ਹਾਂ ਦੇ ਦੁਆਰਾ ਹੀ ਪਰਿਚਾਲਤ ਹੋ ਕੇ ਮਨੁੱਖ ਗਤੀਆਂ ਕਰਦਾ ਹੈ, ਜਿਨਾਂ ਗਤੀਆਂ ਦੇ ਕਾਰਨ ਉਹ ਆਪਣੀ ਮੁੱਖ ਜੀਵਨੀ ਸ਼ਕਤੀ ਦਾ ਹਰਾਸ ਕਰਦਾ ਹੈ, ਅਤੇ ਅਪਣਾ ਦਿਨੋਂ ਦਿਨ ਪਤਨ ਕਰਦਾ ਹੈ।

ਹੁਣ ਜਦ ਤੱਕ ਕਿਸੇ ਵੀ ਮਨੁੱਖੀ ਆਤਮਾ ਦੇ ਅੰਦਰ ਕਿਸੇ ਵੀ ਮਿੱਥਿਆਂ, ਜਾਂ ਕਿਸੇ ਵੀ ਅਹਿਤ-ਮੂਲਕ ਗਤੀ ਪ੍ਰਤੀ ਆਕ੍ਸ਼ਟ ਜਾਂ ਅਨੁਰਾਗ ਰਹੇ, ਅਤੇ ਉਸਦੇ ਅੰਦਰ ਕੋਈ ਵਿਕਰਸ਼ਣ ਜਾਂ ਘ੍ਰਿਣਾਂ ਭਾਵ ਉਤਪਨ ਨ ਹੋਵੇ, ਤੱਦ ਤੱਕ ਉਹ ਆਪਣੀ ਉਸ ਮਿੱਥਿਆ ਅਤੇ ਅਹਿੱਤ ਮੂਲਕ ਗਤੀ ਨੂੰ ਤਿਆਗ ਨਹੀਂ ਸਕਦਾ। ਉਸਦਾ ਪਤਨ ਜਾਰੀ ਰਹਿੰਦਾ ਹੈ। ਸਤਿ ਮੁਕਤੀ ਲਈ, ਨੀਚ ਜੀਵਨ ਤੋਂ ਪਾਪ ਜੀਵਨ ਤੋਂ ਮੁਕਤੀ ਲਈ ਅਸਾਧਾਰਣ ਅਤੇ ਅਮਨੁੱਖੀ, ਮਿੱਥਿਆ ਅਤੇ ਪਾਪਾਂ ਪ੍ਰਤੀ ਅਥਾਹ ਘਿਰਣਾਂ ਦੀ ਲੋੜ ਸੀ। ਇਸ ਘ੍ਰਿਣਾਂ ਦਾ ਮਾਨਵ ਜਗਤ ਵਿੱਚ ਕਾਲ ਸੀ। ਵਿਕਾਸ ਕਰਮ ਵਿੱਚ ਮਹਾਨ ਬੁੱਧੀ ਜੀਵੀ ਆਏ, ਸਾਇੰਸ ਦਾਨ ਆਏ, ਹਾਂ ਸਾਤਵਕ ਭਾਵ ਧਾਰੀ ਵਿਰਲੇ ਮਾਨਵਤਾਂ ਦੇ ਚੰਦ ਆਏ, ਪਰ ਉਨ੍ਹਾਂ ਅੰਦਰ ਪਾਪਾਂ ਅਤੇ ਮਿੱਥਿਆ ਪ੍ਰਤੀ ਅਸਾਧਾਰਣ ਘੋਰ ਘ੍ਰਿਨਾਂ ਨਹੀਂ ਸੀ ਆਈ। ਇਸ ਲਈ ਸਤਿ ਮੁਕਤੀ ਦਾ ਕਾਰਜ ਵੀ ਰੁਕਿਆ ਹੋਇਆ ਸੀ। ਨੇਚਰ ਨੇ ਇਸ ਮਕਸਦ ਲਈ ਦੇਵ ਆਤਮਾ ਨੂੰ ਪਰਗਟ ਕੀਤਾ, ਅਤੇ ਉਨ੍ਹਾਂ ਨੂੰ ਅਦੁੱਤੀ ਅਤੇ ਅਸੀਮ ਮਿੱਥਿਆ ਪ੍ਰਤੀ ਤੇ ਪਾਪਾਂ ਪ੍ਰਤੀ ਦੇਵ ਘ੍ਰਿਨਾਂ ਨਾਲ ਸ਼ੋਭਿਤ ਕੀਤਾ। ਦੇਵ ਆਤਮਾ ਅਦੁੱਤੀ ਦੇਵ ਘ੍ਰਿਣਾਂ ਦੇ ਅਤੇ ਦੇਵ ਸ਼ਤੁਰਤਾ ਦੇ ਸੂਰਜ ਪਰਗਟ ਹੋ ਗਏ। ਉਨ੍ਹਾਂ ਦੀਆਂ ਦੇਵ ਘ੍ਰਿਣਾਂ, ਪਾਪਾਂ ਅਤੇ ਮਿੱਥਿਆ ਨੂੰ ਮਿਟਾਉਣ ਲਈ ਅਕਸੀਰ ਸਿੱਧ ਹੁੰਦੀਆਂ ਹਨ। ਦੇਵ ਆਤਮਾ ਨੇ ਪ੍ਰਗਟ ਹੋ ਕੇ ਮਾਨਵ ਨੂੰ ਵਿਧੀ ਵੱਤ ਨੀਚ ਜੀਵਨ ਤੋਂ ਪਾਪ ਜੀਵਨ ਤੋਂ, ਮਿੱਥਿਆਵਾਂ ਤੋਂ ਮੁਕਤ ਕਰਨ ਦਾ ਬੀੜਾ ਉਠਾਇਆ ਹੈ।

ਆਪ ਦੀ ਦੇਵ ਘ੍ਰਿਣਾਂ ਨੇ ਹਜਾਰਾਂ ਅਧਿਕਾਰੀ ਹਿਰਦਿਆਂ ਵਿੱਚ ਸੰਚਾਰ ਹੋ ਕੇ ਉਨ੍ਹਾਂ ਦੇ ਮਿੱਥਿਆ ਤੇ ਪਾਪ ਭਰੇ ਜੀਵਨਾਂ ਨੂੰ ਮੁਕਤੀ ਦੇਕੇ, ਮੁਕਤ ਬਨਾਇਆ

ਹੈ। ਉਨ੍ਹਾਂ ਸ਼ਰਧਿਆਂ ਜੀ, ਪੰਡਤ ਪਰਮੇਪੁਵਰਦਤ ਜੀ, ਸਰਧੇ ਦੇਵਤ ਸਿੰਘ ਜੀ ਮਹਾਰਾਜ ਵਰਗੇ ਮੁਕਤ ਪੈਦਾ ਕੀਤੇ ਹਨ। ਉਨ੍ਹਾਂ ਸ਼ਰਧੇ ਭਾਈ ਮੋਹਨ ਦੇਵ ਜੀ ਧਰਮ ਬਲ ਜੀ, ਸਰਧੇ ਈਸਵਰ ਸਿੰਘ ਜੀ ਜਿਹੇ ਚੰਦਰ ਪੈਦਾ ਕੀਤੇ ਹਨ। ਵੱਡੇ ਵੱਡੇ ਪਾਪ ਦੇ ਕਿਲ੍ਹੇ ਫਤਿਹ ਕੀਤੇ ਹਨ।

ਜਦੋਂ ਕਿਸੇ ਮਨੁੱਖ ਆਤਮਾ ਨੂੰ ਅਜਿਹੀ ਦੇ ਵ-ਜੋਤੀ ਮਿਲਦੀ ਹੈ (ਦੇਵ ਆਤਮਾ ਤੋਂ) ਜੋ ਉਸ ਨੂੰ ਉਸਦੀ ਕਿਸੇ ਮਿੱਥਿਆ ਅਤੇ ਅਹਿਤਮੂਲਕ ਤੇ ਪਤਨਕਾਰੀ ਨੀਚ ਸਤੀ, ਜੋ ਉਸ ਨੂੰ ਸੁੱਖਦਾਇਕ, ਸੁੰਦਰ ਅਤੇ ਆਕ੍ਸ਼ਣੀ ਰੂਪ ਵਿੱਚ ਬੋਧ ਹੁੰਦੀ ਹੈ, ਉਸਦੇ ਅਸਲ ਰੂਪ ਵਿੱਚ ਅਰਥਾਤ ਪਤਨਕਾਰੀ, ਬੁਰੇ ਕੁਤਸਿਤ ਤੇ ਹਾਨੀਕਾਰਕ ਰੂਪ ਵਿੱਚ ਦਿਖਾ ਸਕੇ ਅਤੇ ਦੂਜੇ ਪਾਸੇ ਉਸ ਨੂੰ ਦੇਵ ਆਤਮਾ ਦਾ ਅਜਿਹਾ ਤੇਜ ਵੀ ਪ੍ਾਪਤ ਹੋ ਸਕੇ ਜੋ ਉਸ ਵਿੱਚ ਉਸ ਪ੍ਤੀ ਪਹਿਲਾ ਉਸਦਾ ਆਕ੍ਸ਼ਣਤ ਜਾਂ ਅਨੁਰਾਗ ਭਾਵ ਨਸ਼ਟ ਹੋ ਸਕੇ। ਤੇ ਫੇਰ ਉਸਦਾ ਦਿਲ ਉਧਰ ਨ ਜਾਵੇ, ਅਤੇ ਉਹ ਆਪਣੇ ਅੰਦਰ ਉਸ ਪ੍ਤੀ ਵਿਕ੍ਸ਼ਣ ਅਨੁਭਵ ਕਰੇ। ਇਸ ਨਾਲ ਉਸ ਦੀ ਉਸ ਗਤੀ ਤੋਂ ਸਤਿ ਮੁਕਤੀ ਹੋ ਜਾਂਦੀ ਹੈ।

ਸਾਨੂੰ ਨੀਚ ਸੁਖਾਂ ਦੇ ਘੋਰ ਲਾਲਸੀਆਂ ਤੇ ਰੋਗੀਆਂ ਨੂੰ ਦੇਵ ਆਤਮਾ ਦੀ ਅਦੁੱਤੀ ਜੋਤੀ ਅਤੇ ਤੇਜ ਦੀ ਆਪਣੇ ਰੋਗਾਂ ਤੋਂ ਮੁਕਤੀ ਲਈ ਭਰਸਕ ਲੋੜ ਹੈ।

ਦੇਵ ਆਤਮਾ ਪਾਸ ਹੀ ਸਾਡੀ ਆਤਮਕ ਮੁਕਤੀ ਦੀ ਸੱਚੀ ਸਮਗਰੀ ਅਤੇ ਸਾਮਾਨ ਹੈ, ਜੋ ਹੋਰ ਕਿਸੇ ਵੀ ਮਨੁੱਖ ਜਾਂ ਗੁਰੂ ਪੈਗੰਬਰ ਪਾਸ ਨਹੀਂ ਹੈ। ਦੇਵ ਆਤਮਾ ਹੀ ਉਕਤ ਨਿਰਾਲੀ ਰੋਸ਼ਣੀ ਤੇ ਉੱਚ ਘ੍ਣਾਂ ਦੇ ਸੂਰਜ ਉਦੇ ਹੋਏ ਹਨ। ਉਨ੍ਹਾਂ ਦੀ ਜੋਤੀ ਤੇਜ ਦੀਆਂ, ਜਾਂ ਘ੍ਣਾਂ ਦੀਆਂ ਕਿਰਨਾਂ ਹੀ ਸਾਡੀਆਂ ਸੁੱਖ ਲਾਲਸਾਵਾਂ ਨੂੰ ਭਸਮ ਕਰਨ ਦੀ ਪੂਰਨ ਸਾਮਰਥ ਰਖਦੀਆਂ ਹਨ। ਅਸੀਂ ਸਭ ਮਨੁੱਖ ਉਨਾਂ ਦੀ ਇਸ ਅਦੁੱਤੀ ਸਮਗਰੀ ਦੇ ਮਹੁਤਾਜ ਹਾਂ।

ਭਾਈ ਜਸਵੰਤ ਜੀ ਨੇ ਠੀਕ ਹੀ ਕਿਹਾ ਹੈ :-

ਅੰਧਕਾਰ ਤੇ ਪਾਪਾਂ ਦਾ ਨਾਸ਼ ਕਰਤਾ,
ਚੜਿਆਂ ਆਤਮਕ ਜਗਤ ਦਾ ਭਾਨ ਲੋਕੋ।
ਪੱਲਾਂ ਤੁਸੀਂ ਵੀ ਫੜੋ ਦੇਵ ਆਤਮਾ ਦਾ,
ਜੇਕਰ ਲੋੜਦੇ ਸੱਚਾ ਕਲਿਆਣ ਲੋ ਕੋ।

ਸਰਦਾਰ ਸਾਵਨ ਸਿੰਘ ਜੀ ਦੀ ਬਰਸੀ

ਸ਼੍ਰੀਮਤੀ ਹਿੱਤਲਤਾ ਜੀ ਦਿਉਲ ਸਪੁੱਤਰੀ ਉੱਕਤ ਫਰਿਸ਼ਤਾ ਤਹਿਸੀਲਦਾਰ ਸਰਦਾਰ ਸਾਹਿਬ, ਇਸ ਪ੍ਕਾਰ ਲਿਖਦੀਆਂ ਹਨ :-

ਮਾਨਯੋਗ ਸ਼ਰਧੇ ਪਿਤਾ ਜੀ ਦੀ 58 ਵੀਂ ਬਰਸੀ ਵੀਰ ਗੁਰਭਗਤ ਸਿੰਘ ਦੇ ਬੇਟੇ ਪਾਲੀ (ਬੀ. ਪੀ. ਐਸ. ਗਿਲ) ਦੇ ਘਰ ਉਨ੍ਹਾਂ ਦੇ ਫਾਰਮ ਤੇ ਮਨਾਈ ਗਈ। ਬਰਸੀ ਦੀ ਸਭਾ ਸ਼੍ਰੀਮਾਨ ਬਲਦੇਵ ਸਿੰਘ ਸੈਕ੍ਟਰੀ ਦੇਵ ਧਰਮ ਮਿਸ਼ਨ ਨੇ ਕਰਵਾਈ। ਦੇਵ ਸਮਾਜ ਦੇ ਬਾਨੀ ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦੀ ਮਹਿਮਾ ਦਾ ਗੀਤ ਗਾਣ ਤੋਂ ਬਾਅਦ ਸ਼੍ਰੀ ਰਾਠੌਰ ਸਾਹਿਬ ਮਿਊਜ਼ਿਕ ਲੈਕਚਰਾਰ ਨੇ ਮਾਂ ਦੇ ਸਬੰਧ ਵਿੱਚ ਬਹੁਤ ਸੁੰਦਰ ਭਜਣ ਦਾ ਗਾਣ ਕੀਤਾ। ਇਸ ਨਾਲ ਸੁਣਨ ਵਾਲਿਆਂ ਦੇ ਹਿਰਦੇ ਤੇ ਬਹੁਤ ਚੰਗਾ ਅਸਰ ਪਿਆ। ਕਈ ਜਨ ਉਸੇ ਵਕਤ ਉਨ੍ਹਾਂ ਦੇ ਪਾਸ ਉਨ੍ਹਾਂ ਦੀ ਸ਼ਲਾਘਾ ਕਰਨ ਲਈ ਮਜਬੂਰ ਹੋ ਗਏ ਅਤੇ ਸਭਾ ਦੇ ਵਾਤਾਵਰਨ ਉੱਤੇ ਬਹੁਤ ਚੰਗਾ ਪ੍ਭਾਵ ਪਿਆ।

ਗੀਤ ਤੋਂ ਬਾਅਦ, ਸ਼੍ਰੀਮਾਨ ਜੀ ਨੇ ਪਰਿਵਾਰ ਨੂੰ ਮੁਬਾਰਕਬਾਦ ਦੇਣ ਤੋਂ ਬਾਅਦ ਮਾਤਾ ਪਿਤਾ ਸੰਤਾਨ ਦੇ ਸਬੰਧ ਵਿੱਚ ਰੋਸ਼ਨੀ ਪਾਉਂਦਿਆ ਹੋਇਆਂ ਸ਼ਰਧੇ ਪਿਤਾ ਜੀ ਫਰਿਸ਼ਤਾ ਤਹਿਸੀਲਦਾਰ ਦੇ ਗੁਣ ਵਰਨਣ ਕੀਤੇ। ਉਸ ਸਮੇ ਂ ਦੇ ਅੰਗਰੇਜ਼ ਗਵਰਨਰ ਸਰ ਹੈਨਰੀ ਕਰੇਕ ਇਹ ਕਹਿਣ ਦੇ ਲਈ ਮਜਬੂਰ ਹੋ ਗਏ ਕਿ ਉਨ੍ਹਾਂ ਨੇ ਅਪਣੀ 40 ਸਾਲਾਂ ਦੀ ਨੌਕਰੀ ਵਿੱਚ ਸਰਦਾਰ ਜੀ ਵਰਗਾ ਇਮਾਨਦਾਰ ਸਰਕਾਰੀ ਨੌਕਰ ਨਹੀਂ ਦੇਖਿਆ। ਉਸ ਫਰਿਸ਼ਤਾ ਦੀ ਕਦਰ ਕਰਦੇ ਹੋਏ ਅੰਗਰੇਜ ਸਰਕਾਰ ਨੇ ਸਰਦਾਰ ਸਾਹਿਬ ਦਾ ਖਿਤਾਬ, ਜਾਗੀਰ ਅਤੇ ਕਈ (10) ਮੁਰਬੇ ਉਨ੍ਹਾਂ ਨੂੰ ਇਨਾਮ ਦਿੱਤੇ।

ਉਨ੍ਹਾਂ ਦੀ ਇਮਾਨਦਾਰੀ, ਮਿਹਨਤ ਅਤੇ

ਸ਼ੁਕਰਗੁਜਾਰੀ, ਦੁਜਿਆਂ ਦੇ ਗੁਣ ਦੇਖਣ ਦੀ ਅੱਖ ਵੀ ਬਹੁਤ ਪ੍ਰਸ਼ੰਸਾ ਦੇ ਯੋਗ ਸੀ। ਉਨ੍ਹਾਂ ਦੇ ਪਰਿਵਾਰ ਨੂੰ ਵੀ ਉਨ੍ਹਾਂ ਤੋਂ ਹੀ ਪੂੰਜੀ ਮਿਲੀ ਹੈ ਜੋ ਉਨ੍ਹਾਂ ਨੂੰ ਪਿਛਲੇ 58 ਸਾਲਾਂ ਤੋਂ ਯਾਦ ਕਰਦੇ ਹਨ। ਉਨ੍ਹਾਂ ਦੇ ਬੇਟੇ ਸ: ਗੁਰਭਗਤ ਸਿੰਘ ਡੀ. ਆਈ. ਜੀ. ਅਤੇ ਬੇਟੀ ਹਿਤਲਤਾ ਨੇ ਉਨ੍ਹਾਂ ਤੋਂ ਪਾਈ ਪੂੰਜੀ ਦੇ ਕਾਰਨ ਸਭ ਤੋਂ ਵਧੀਆ ਮੈਡਲਜ਼ ਅਤੇ ਇਨਾਮ ਜਿੱਤੇ।

ਉਨ੍ਹਾਂ ਦੇ ਪੋਤੇ, ਪੋਤੀਆਂ, ਉਨ੍ਹਾਂ ਦੇ ਬੱਚਿਆਂ ਵਿੱਚ ਵੀ ਇਹ ਚੰਗਿਆਈ ਕਾਫੀ ਹੱਦ ਤੱਕ ਮੌਜੂਦ ਹੈ। ਸ਼੍ਰੀਮਾਨ ਜੀ ਨੇ ਕਾਫੀ ਸੁੰਦਰ ਉਦਾਹਰਣਾਂ ਦੇ ਕੇ ਮਾਤਾ ਪਿਤਾ ਦੀ ਦੇ ਣ ਅਤੇ ਉਪਕਾਰਾਂ ਨੂੰ ਸਮਰਣ ਕਰਨ ਨੂੰ ਕਿਹਾ।

ਇਸ ਤੋਂ ਬਾਅਦ ਉਨ੍ਹਾਂ ਦੀ ਬੇਟੀ ਹਿਤਲਤਾ ਜੀ ਨੇ ਆਪਣੇ ਖਾਸ ਹੀ ਮਾਤਾ ਪਿਤਾ, ਦੇ ਉਪਕਾਰਾਂ ਦਾ ਵਰਨਣ ਕੀਤਾ ਅਤੇ ਭਰੇ ਦਿਲ ਨਾਲ ਕਿਹਾ ਕਿ ਉਨ੍ਹਾਂ ਦਾ ਜਿਸਮ, ਦਿਮਾਗ, ਦਿਲ, ਸ਼ੋਹਰਤ, ਸਭ ਉਨ੍ਹਾਂ ਦੀ ਬਦੌਲਤ ਹੈ। ਉਹ ਹਰ ਰੋਜ਼ ਸਵੇਰੇ ਉਨ੍ਹਾਂ ਦੀ ਫੋਟੋ ਨੂੰ ਪ੍ਰਣਾਮ ਕਰਕੇ ਉਨ੍ਹਾਂ ਦੇ ਉਪਕਾਰਾਂ ਨੂੰ ਯਾਦ ਕਰਕੇ ਅਤੇ ਆਸ਼ੀਰਵਾਦ ਦੀ ਪ੍ਰਾਰਥਨਾ ਕਰਦੀਆਂ ਹਨ। ਉਨ੍ਹਾਂ ਤੋਂ ਜਾਇਦਾਦ ਦਾ ਕੋਈ ਹਿੱਸਾ ਜਾਂ ਨਕਦੀ ਨਾ ਪਾ ਕੇ ਵੀ ਉੱਚ ਭਾਵਾਂ ਦੀ ਬੇਬਹਾ ਦੌਲਤ ਪਾਈ ਹੈ।

ਉਹਨਾਂ ਨੇ ਪਰਿਵਾਰਿਕ ਜਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਸੱਭ ਆਪਣੇ ਮਾਂ-ਬਾਪ ਦੇ ਉਪਕਾਰਾਂ ਨੂੰ ਸਮਰਣ ਕਰਣ ਅਤੇ ਉਨ੍ਹਾਂ ਦੀਆਂ ਖੂਬੀਆਂ ਦੀ ਤਰਫ ਵੀ ਧਿਆਨ ਦੇਣ। ਇਸ ਵਿੱਚ ਹੀ ਉਹਨਾਂ ਦਾ ਤੇ ਉਹਨਾਂ ਦੀ ਸੰਤਾਨ ਦਾ ਭਲਾ ਹੈ।

ਉਹਨਾਂ ਨੇ ਦੱਸਿਆ ਕਿ ਅਜੇ ਤੱਕ ਤਾਂ ਲਗਭਗ ਸਾਰੇ ਲੜਕੇ-ਲੜਕੀਆਂ ਆਪਣੇ ਮਾਂ-ਬਾਪ ਦਾ ਬਹੁਤ ਸਨਮਾਨ ਕਰਦੇ ਹਨ ਅਤੇ ਬੀਮਾਰੀ ਆਦਿ ਵਿੱਚ ਉਨ੍ਹਾਂ ਦੀ ਸੇਵਾ ਕਰਦੇ ਹਨ। ਬਹੁਤ ਸਾਰੇ ਮਾਂ-ਬਾਪ ਨੂੰ ਤਾਂ ਆਪਣੀ ਸੰਤਾਨ ਉੱਤੇ ਗਰਵ ਹੈ। ਨਾ ਸਿਰਫ ਮਾਤਾ ਪਿਤਾ ਸਗੋਂ ਸਾਡੀ ਦੋਨਾਂ ਦੀ ਵੀ ਸੇਵਾ ਕਰਦੇ ਹਨ, ਸਾਡਾ ਜਨਮਦਿਨ ਮਨਾਉਂਦੇ ਹਨ ਅਤੇ ਉਪਹਾਰ ਭੇਂਟ ਕਰਦੇ ਹਨ। ਉਨ੍ਹਾਂ ਨੇ ਆਪਣੇ ਭਾਈ ਗੁਰਭਗਤ ਸਿੰਘ ਦੀ ਬਹੁਤ ਪ੍ਰਸੰਸਾ ਕੀੱਤੀ। ਉਨ੍ਹਾਂ ਨੇ ਬਾਗ਼ਵਾਨ ਫਿਲਮ ਦਾ ਜਿਕਰ ਕਰਦੇ ਹੋਏ ਅਮਿਤਾਬ ਬੱਚਨ ਦੇ ਸ਼ਬਦ ਦੋਹਰਾਏ।

"ਜਿਹੜੇ ਬੱਚੇ ਆਪਣੇ ਮਾਂ-ਬਾਪ ਨੂੰ ਪਿਆਰ ਨਹੀਂ ਕਰਦੇ, ਜਿਹੜੇ ਬੱਚੇ ਆਪਣੇ ਮਾਂ-ਬਾਪ ਨੂੰ ਸਹਾਰਾ ਨਹੀਂ ਦੇ ਸਕਦੇ, ਜਿਹੜੇ ਬੱਚੇ ਆਪਣੇ ਮਾਂ-ਬਾਪ ਨੂੰ ਸਨਮਾਨ ਨਹੀਂ ਦੇ ਸਕਦੇ, ਉਨ੍ਹਾਂ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ"

ਨੇਚਰ ਦਾ ਨਿਯਮ ਹੈ, ਬੱਚੇ ਮਾਂ ਬਾਪ ਨੂੰ ਭੁੱਲ ਸਕਦੇ ਹਨ ਪਰ ਮਾਂ-ਬਾਪ ਬੱਚਿਆਂ ਨੂੰ ਨਹੀਂ ਭੁੱਲ ਸਕਦੇ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਮਾਂ ਬਾਪ ਪਰਲੋਕ ਤੋਂ ਵੀ ਬੱਚਿਆ ਨੂੰ ਆਸ਼ੀਰਵਾਦ ਦੇਂਦੇ ਹਨ। ਉਨ੍ਹਾਂ ਦੇ ਕੋਲ ਆ ਕੇ ਘੁੰਮਦੇ ਹਨ। ਕਾਸ਼! ਅਸੀਂ ਇਹ ਵਿਸ਼ਵਾਸ ਪੈਦਾ ਕਰ ਸਕੀਏ। ਆਪਣੇ ਬੱਚਿਆਂ ਦੀ ਪੋਸ਼ਾਕ, ਸਜਾਵਟ ਉੱਤੇ ਘੱਟ ਧਿਆਨ ਅਤੇ ਆਦਤਾਂ ਉਤੇ, ਭਾਵਾਂ ਉੱਤੇ ਜ਼ਿਆਦਾ ਧਿਆਨ ਦੇ ਸਕੀਏ। ਇਸ ਤੋਂ ਬਾਅਦ ਉਨ੍ਹਾਂ ਦੀ ਪੋਤੀ ਗੁਰਮੀਤ ਕੋਰ ਨੇ ਵੀ ਆਪਣੇ ਮਾਂ-ਬਾਪ ਦੇ ਉਪਕਾਰਾਂ ਦਾ ਵਰਨਣ ਕੀਤਾ। ਮਾਂ-ਬਾਪ ਦੀ ਬਦੌਲਤ ਇੰਨੇ ਮੌਜ ਮੇਲੇ ਮਿਲੇ।

ਆਖ਼ਿਰ ਵਿੱਚ ਇਹ ਕਹਿ ਕੇ ਸਮਾਪਤ ਕੀਤਾ।

ਕੀ ਹੈ, ਗੰਗਾ ਕੀ ਹੈ ਯਮੁਨਾ,
ਕੀ ਹੈ ਤੀਰਥ ਧਾਮ,
ਕੀ ਹੈ, ਸਾਨੂੰ ਕਿਸੇ ਈਸ਼ਵਰ ਦੀ ਜਰੂਰਤ
ਅਗਰ ਸਾਡੇ ਕੋਲ ਹੈ ਸਾਡੀ ਮਾਂ।

ਪੀ. ਪੀ. ਐਸ. ਗਿਲ ਨੇ ਥੋੜੇ ਹੀ ਸ਼ਬਦਾਂ ਵਿੱਚ ਆਪਣੇ ਵੱਡੇ ਭਾਈਆਂ ਦੇ ਗੁਣਾਂ -ਇਮਾਨਦਾਰੀ, ਮਿਹਨਤ ਆਦਿ ਦੇ ਸਬੰਧ ਵਿੱਚ ਦਸਦਿਆਂ ਹੋਇਆਂ ਕਿਹਾ ਕਿ ਇਹ ਸੱਭ ਮਾਂ-ਬਾਪ ਅਤੇ ਦਾਦਾ ਜੀ ਦੀ ਦੇਣ ਹੈ। ਅਖੀਰ ਵਿੱਚ ਬੀ. ਪੀ. ਐਸ. ਗਿਲ ਵੀਰ ਗੁਰਭਗਤ ਦੇ ਬੇਟੇ ਨੇ ਬਹੁਤ ਸੁੰਦਰ ਸ਼ਬਦਾਂ ਵਿੱਚ ਕਿਹਾ

Sardar Sawan Singh was a man of sterling qualities in Honesty, Compassion & Simplicity. As Per Bhagwad Gita. He was a true Karam yogi in all respects.

ਉਸਨੇ ਆਪਣੇ ਪਿਤਾ ਐਸ. ਗੁਰਭਗਤ ਸਿੰਘ ਨੂੰ ਯਾਦ ਕਰਦੇ ਕਿਹਾ ਕਿ ਉਹ ਇੱਕ ਸੱਚੇ ਪਿਤਾ ਸਨ। ਉਨ੍ਹਾਂ ਦੀ ਯਾਦ ਵਿੱਚ ਇਹ ਬਰਸੀ ਦਾ ਪ੍ਰੋਗਰਾਮ ਉਨ੍ਹਾਂ ਦੇ ਬਾਗ

ਵਿੱਚ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਨਾ ਚਾਹੁੰਦਾ ਸੀ। ਉਨ੍ਹਾਂ ਨੇ ਇਸ ਉਬੜ-ਖਾਬੜ ਧਰਤੀ ਨੂੰ ਬਾਗ ਵਿੱਚ ਬਦਲ ਦਿੱਤਾ। ਉਸ ਦੇ ਲਈ ਕਠਿਨ ਮਿਹਨਤ ਕਰਨੀ ਪਈ। ਉਨ੍ਹਾਂ ਦੀ ਇਹ ਇੱਛਾ ਸੀ ਕਿ ਇਹ ਸੁੰਦਰ ਬਾਗ਼ ਬਗੀਚਾ ਕਾਇਮ ਰਹੇ। ਇਸ ਲਈ ਉਸਨੇ ਇਸ ਨੂੰ ਇੱਕ ਵਧੀਆ ਰਿਜ਼ੋਰਟ ਵਿੱਚ ਬਦਲ ਕੇ ਉਨ੍ਹਾਂ ਦੀ ਯਾਦ ਨੂੰ ਤਾਜਾ ਰਖਣਾ ਚਾਹਿਆ ਹੈ।

ਆਖ਼ਿਰ ਵਿੱਚ ਪਰਿਵਾਰਿਕ ਜਨ੍ਹਾਂ ਨੇ ਆਪਣੇ ਦਾਦਾ, ਮਾਤਾ ਪਿਤਾ ਦੀ ਯਾਦ ਵਿੱਚ ਸਮਾਜ ਨੂੰ 7600 ਰੁ: ਦਾਨ ਵਿੱਚ ਦਿੱਤੇ ਅਤੇ ਸਭ ਨੂੰ ਅਤੀ ਸਵਾਦਿਸ਼ਟ ਭੋਜਨ ਖਿਲਾ ਕੇ ਵਿਦਾ ਕੀਤਾ।

(ਹਿੱਤ ਲਤਾ ਦਿਓਲ)

ਬਰਸੀ ਦੀ ਸਭਾ

26 ਜਨਵਰੀ ਨੂੰ ਮਾਨਯੋਗ ਸ਼੍ਰੀ ਡਾਕਟਰ ਸਾਹਿਬ ਇਕਬਾਲ ਸਿੰਘ ਜੀ ਦੀ ਬਰਸੀ ਦੀ ਸਭਾ ਰਖੀ ਗਈ। ਸਾਰੇ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੇ ਮਿਲਕੇ ਡਾਕਟਰ ਜੀ ਨੂੰ ਸ਼ਰਧਾਂਜਲੀ ਅਪ੍ਰਿਤ ਕੀਤੀ। ਇਹ ਬਰਸੀ ਉਨ੍ਹਾਂ ਦੇ ਨਿਵਾਸ ਸਥਾਨ ਮਕਾਨ ਨੰ. 123, ਸੈਕਟਰ 28 ਏ, ਵਿੱਚ ਰਖੀ ਗਈ। ਬੈਠਣ ਦੇ ਲਈ ਬਹੁਤ ਸੁੰਦਰ ਪ੍ਰਬੰਧ ਕੀਤਾ ਗਿਆ। ਗੁਰੂ ਮਹਾਰਾਜ ਦਾ ਛਵੀ ਦੁਆਰਾ ਅਰਚਣ ਕੀਤਾ ਗਿਆ ਫੇਰ ਸ਼ਰਧੇ ਡਾਕਟਰ ਜੀ ਦੀ ਫੋਟੋ ਨੂੰ ਹਾਰ ਪਹਿਨਾਇਆ ਅਤੇ ਫੁਲ ਰੱਖ ਕੇ ਪ੍ਰਣਾਮ ਦਾ ਸਾਧਨ ਕੀਤਾ ਗਿਆ। ਉਨ੍ਹਾਂ ਦੀਆਂ ਬੇਟੀਆਂ ਨੇ ਮਿਲ ਕੇ ਭਜਣਾਂ ਦਾ ਗਾਣ ਕੀਤਾ। ਸ਼੍ਰੀਮਾਨ ਬਲਦੇਵ ਸਿਘ ਜੀ ਨੇ ਬੜੇ ਸਰਲ ਢੰਗ ਨਾਲ ਬਚਿਆਂ ਤੋਂ ਪੁਛਿਆ ਕਿ ਅਸੀਂ ਇਹ ਦਿਨ ਕਿਉਂ ਮਨਾਂ ਰਹੇ ਹਾਂ। ਬੱਚਿਆਂ ਨੇ ਬਹੁਤ ਚੰਗੇ ਉੱਤਰ ਦਿੱਤੇ । ਫਿਰ ਇਹ ਦੱਸਣ ਦਾ ਯਤਨ ਕੀਤਾ ਗਿਆ ਕਿ ਵੱਡਿਆਂ ਨੂੰ ਸਨਮਾਨ ਦੇਣ ਦੀ ਕਿਉਂ ਜ਼ਰੂਰਤ ਹੈ। ਉਨ੍ਹਾਂ ਦੇ ਗੁਣਾਂ ਅਤੇ ਉਪਕਾਰਾਂ ਨੂੰ ਯਾਦ ਕਰਕੇ ਉਨ੍ਹਾਂ ਨੂੰ ਪ੍ਰਣਾਮ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਣਾਮ ਕਰਨ ਨਾਲ ਸਾਡਾ ਅਹੰ ਘੱਟ ਹੁੰਦਾ ਹੈ ਅਤੇ ਉਨ੍ਹਾ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਮਾਰਗ ਖੁਲਦਾ ਹੈ। ਇਹ ਸਾਰਾ ਬਿਆਨ ਬਹੁਤ ਹੀ ਜਿਆਦਾ ਪ੍ਰਭਾਵਸ਼ਾਲੀ ਸੀ। ਬੱਚੇ ਤੇ ਵੱਡੇ ਸਭ ਪ੍ਰਭਾਵਿਤ ਹੋ ਰਹੇ ਸੀ।

ਉਸ ਤੋਂ ਬਾਅਦ ਸ਼੍ਰੀ ਡਾਕਟਰ ਸਾਹਿਬ ਦੀ ਛੋਟੀ ਬੇਟੀ ਡਾ. ਸਤਿੰਦਰ ਢਿਲੋਂ ਪ੍ਰਿੰਸੀਪਲ ਨੇ ਮਾਤਾ ਪਿਤਾ ਦੇ ਉਪਕਾਰਾਂ ਦਾ ਵਰਨਣ ਕੀਤਾ ਕਿ ਅਗਰ ਮਾਤਾ ਪਿਤਾ ਸਾਨੂੰ ਸਿੱਖਿਅਤ ਨਾ ਕਰਦੇ ਤਾ ਅੱਜ ਅਸੀਂ ਕਿੱਥੇ ਹੁੰਦੇ। ਉਨ੍ਹਾਂ ਨੇ ਸਾਨੂੰ ਦੇਵ ਆਤਮਾ ਨਾਲ ਜੋੜ ਕੇ ਅਥਾਹ ਹਿੱਤ ਕੀਤਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮਾਰਗ ਜੋ ਦੇਵ ਆਤਮਾ ਦੁਆਰਾ ਦਿਖਾਇਆ ਗਿਆ ਹੈ, ਉਹ ਹੀ ਠੀਕ ਹੈ, ਆਪਣੀਆਂ ਕਮਜ਼ੋਰੀਆ ਦੇ ਕਾਰਨ ਅਸੀਂ ਨ ਚਲ ਸਕੀਏ ਤਾਂ ਇਹ ਸਾਡੀ ਬਦਕਿਸਮਤੀ ਹੈ।

ਉਸ ਤੋਂ ਬਾਅਦ ਉਨ੍ਹਾਂ ਦੀ ਵੱਡੀ ਬੇਟੀ ਸੁਰਜੀਤ ਬਰਾੜ ਨੇ ਆਪਣੇ ਮਾਤਾ ਪਿਤਾ ਦੇ ਉਪਕਾਰਾਂ ਅਤੇ ਉਨ੍ਹਾਂ ਦੇ ਗੁਣਾਂ ਦਾ ਵਰਨਣ ਕੀਤਾ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੇ ਅੰਦਰ ਕਠਿਨ ਮਿਹਨਤ, ਨਮਰਤਾ, ਪਰ ਸੇਵਾ, ਅਭਾਵ ਨਿਵਾਰਨ, ਹਮਦਰਦੀ ਆਦਿ ਦੇ ਗੁਣਾਂ ਦੇ ਨਾਲ ਦੇਵ ਆਤਮਾ ਦੇ ਮਿਸ਼ਨ ਦੇ ਲਈ ਅਟੂਟ ਸ਼ਰਧਾ ਅਤੇ ਤੜਪ ਸੀ। ਮੰਦਰਾਂ ਆਦਿ ਦੇ ਬਣਵਾਉਣ ਦੇ ਲਈ, ਉਨ੍ਹਾਂ ਨੂੰ ਨਵਾਂ ਰੂਪ ਦੇਣ ਦੇ ਲਈ ਉਨ੍ਹਾਂ ਨੇ ਅਨੱਥਕ ਸੰਗਰਾਮ ਕੀਤਾ। ਉਨ੍ਹਾਂ ਨੂੰ "ਬੁਢੇ ਜਰਨੈਲ" ਦੀ ਉਪਾਧੀ ਦਿੱਤੀ ਗਈ। ਮਾਤਾ ਜੀ ਦੇ ਗੁਣਾਂ ਦਾ ਵਰਨਣ ਕੀਤਾ ਕਿ ਉਹ ਇੱਕ ਸੁਘੜ ਗ੍ਰਹਿਣੀ, ਈਮਾਨਦਾਰੀ ਦੀ, ਪਿਆਰ ਦੀ ਮੂਰਤੀ ਸੀ। ਦੁਨੀਆਂ ਦੇ ਸਾਮਾਨਾਂ ਨਾਲ ਮੋਹ-ਬੰਧਨ ਨਹੀਂ ਸੀ। ਇਸ ਤਰ੍ਹਾਂ ਦੇ ਮਾਤਾ ਪਿਤਾ ਦਾ ਸਾਇਆ ਚਲੇ ਜਾਣਾ ਬਹੁਤ ਦੁੱਖਦਾਈ ਹੈ। ਪਰੰਤੂ ਉਨ੍ਹਾਂ ਦੇ ਦਿੱਤੇ ਹੋਏ ਭੈਣ ਭਰਾ ਇੱਕ ਬਹੁਤ ਵੱਡੀ

ਨੇਹਮਤ ਹਨ।

ਉਸ ਤੋਂ ਬਾਅਦ ਉਨ੍ਹਾਂ ਦੇ ਵੱਡੇ ਬੇਟੇ ਸਰਲ ਗਿਲ ਨੇ ਭਰੇ ਦਿਲ ਅਤੇ ਹੰਝੂ ਬਹਾਉਂਦੇ ਹੋਇਆਂ ਬਿਆਨ ਕੀਤਾ ਕਿ ਜਿਵੇਂ ਪਿਤਾ ਜੀ ਦੇ ਤਿੰਨ ਲੜਕੀਆਂ ਹੋਣ ਉੱਤੇ ਜੋਰ ਦਿੱਤਾ ਗਿਆ ਕਿ ਦੂਸਰੀ ਸ਼ਾਦੀ ਕਰਵਾ ਲੈਣ। ਜੇ ਪਿਤਾ ਜੀ ਇਸ ਤਰ੍ਹਾਂ ਕਰ ਲੈਂਦੇ ਤਾਂ ਅੱਜ ਅਸੀਂ ਸਾਰੇ ਕਿੱਥੇ ਹੁੰਦੇ। ਉਨ੍ਹਾਂ ਦੇ ਇੱਕ ਠੀਕ ਕਦਮ ਨੇ ਪਰਿਵਾਰ ਦੀ ਕਾਇਆ ਪਲਟ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਬਹੁਤ ਕੁਝ ਦੇ ਦਿੱਤਾ। ਸਾਡੇ ਭੈਣ ਭਾਈਆਂ ਦੇ ਵਿੱਚ ਪੈਸੇ ਆਦਿ ਨੂੰ ਲੈ ਕੇ ਕੋਈ ਮਨਮੁਟਾਵ ਦਾ, ਕਦੀ ਪ੍ਰਸ਼ਨ ਨਹੀਂ ਉਠਦਾ। ਇਹ ਸਭ ਨੇਕ ਮਾਤਾ ਪਿਤਾ ਦੀ ਦੇਣ ਹੈ।

ਇਹ ਸਾਰਾ ਪ੍ਰੋਗਰਾਮ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਪ੍ਰੇਰਨਾਦਾਇਕ ਸੀ। ਸਾਰੇ ਪਰਿਵਾਰ ਨੇ ਮਿਲ ਕੇ ਚੰਗੇ ਸੰਕਲਪ ਵੀ ਲਏ। ਇਕ ਤਾਂ ਇਹ ਫੈਸਲਾ ਕੀਤਾ ਕਿ ਮਾਤਾ ਪਿਤਾ ਸੰਤਾਨ ਬ੍ਰਤ ਦੇ ਦਿਨ੍ਹਾਂ ਵਿੱਚ ਪਿਤਾ ਜੀ ਦੀ ਬਰਸੀ ਨੂੰ ਮਾਤਾ ਪਿਤਾ ਸੰਤਾਨ-ਬ੍ਰਤ ਦੇ ਰੂਪ ਵਿੱਚ ਮਨਾਇਆ ਜਾਵੇ। ਦੂਸਰਾ ਇਸ ਦਿਨ ਕਿਸੇ ਅਨਾਥ-ਆਸ਼ਰਮ ਆਦਿ ਵਿਚ ਕੁਝ ਖਾਣ-ਪੀਣ ਦਾ ਸਾਮਾਨ ਵੰਡਿਆ ਜਾਵੇ। ਤੀਸਰਾ ਹਰ ਸ਼ਨੀਵਾਰ ਜਦੋਂ ਸ਼੍ਰੀਮਾਨ ਬਲਦੇਵ ਸਿੰਘ ਜੀ ਇਥੇ ਹੋਣ ਤਾਂ ਬੱਚਿਆਂ ਦੀ ਨੀਤੀ ਸਿੱਖਿਆ ਕਰਵਾਈ ਜਾਵੇ ਤਾਕਿ ਬੱਚੇ ਚੰਗੇ ਮਨੁੱਖੀ ਮੁੱਲ ਸਿੱਖ ਸਕਣ। ਇਸ ਤਰ੍ਹਾਂ ਦੇ ਸੰਕਲਪਾਂ ਤੋਂ ਬਾਅਦ ਜੈ-ਧੁੰਨੀ ਕਰਕੇ ਸਭਾ ਸਮਾਪਤ ਕੀਤੀ ਗਈ। ਉਸ ਤੋਂ ਬਾਅਦ ਬਹੁਤ ਸਵਾਦਿਸ਼ਟ ਪ੍ਰੀਤੀ-ਭੋਜ ਕੀਤਾ ਗਿਆ ਅਤੇ ਇਸ ਪ੍ਰਕਾਰ ਸਾਰੇ ਪਰਿਵਾਰ ਦਾ ਸਮੇਲਣ ਵੀ ਬਹੁਤ ਹਿੱਤਕਰ ਰਿਹਾ।

(ਇੱਕ ਰਾਜਗੀਨ)

ਕਲਿਆਣ ਵਿਖੇ ਵਿਸ਼ੇਸ਼ ਸਤਿਸੰਗ ਅਤੇ ਮਾਤਾ ਪਿਤਾ ਦਿਵਸ

ਕਲਿਆਣ ਮਲੱਕਾ ਜਿਲਾ ਬਟਿੰਡਾ ਦੇਵ ਧਰਮ ਦੇ ਪੁਰਾਣੇ ਇਤਹਾਸਿਕ ਸਥਾਨ ਤੇ ਪਿਛਲੇ 20-25 ਸਾਲਾਂ ਦੀ ਤਰ੍ਹਾਂ ਇਸ ਸਾਲ ਵੀ 12 ਫਰਵਰੀ ਤੋਂ 15 ਫਰਵਰੀ ਤਕ ਵਿਸ਼ੇਸ਼ ਸਤਿਸੰਗ ਅਤੇ ਮਾਤਾ ਪਿਤਾ ਦਿਵਸ ਰੱਖਿਆ ਗਿਆ। ਇਸ ਲਈ ਬਹੁਤ ਸਾਰੇ ਨਿਮੰਤਰਣ ਪੱਤਰ ਲਿਖੇ ਗਏ। ਇਸ ਲਕਸ਼ ਲਈ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਮੋਗਾ, ਡੱਬਵਾਲੀ, ਪਦਮਪੁਰ, ਥਰਾਜਵਾਲਾ, ਗੋਨਿਆਣਾ ਆਦਿ ਸਥਾਨਾਂ ਤੇ ਸਭਾ ਕਰਵਾਈਆਂ ਤੇ ਸਤਿਸੰਗ ਦਾ ਪਤਾ ਦਿੱਤਾ।

12 ਫਰਵਰੀ ਦੀ ਸ਼ਾਮ ਨੂੰ ਸ਼੍ਰੀਮਾਨ ਜੀ ਦੌਰੇ ਤੋਂ ਵਾਪਿਸ ਆ ਗਏ ਸਨ। ਸ਼ਾਮ ਤਕ ਯਾਤਰੀ ਆਉਣੇ ਸ਼ੁਰੂ ਹੋ ਗਏ। ਸ਼ਾਮ ਤੱਕ ਡਾਕਟਰ ਵਿਨੋਦ ਜੀ ਖੇੜਾ ਆਪਣੇ ਕੁਝ ਸਾਥੀਆਂ ਨਾਲ ਪਹੁਚ ਗਏ। 12 ਦੀ ਸ਼ਾਮ ਸਭਾਵਾਂ ਸ਼ੁਰੂ ਹੋਈਆਂ। 13 ਤਾਰੀਖ ਨੂੰ 3 ਸਭਾਵਾਂ 14 ਨੂੰ ਵੀ 3 ਸਭਾਵਾਂ ਅਤੇ 15 ਤਾਰੀਖ ਨੂੰ ਇੱਕ ਵਿਸ਼ੇਸ਼ ਸਭਾ ਮਾਤਾ ਪਿਤਾ ਦੇ ਸਬਧ ਵਿੱਚ ਕੀਤੀ ਗਈ। ਕੁਲ 8 ਸਭਾਂਵਾਂ ਕੀਤੀਆਂ ਗਈਆਂ।

ਇਸ ਸਤਿਸੰਗ ਵਿੱਚ ਸ਼ਾਮਿਲ ਹੋਣ ਲਈ ਕੇ ਸੂਪੁਰਾ ਤੋਂ 6 ਜਨ, ਮਲ੍ਹੇਕਾਂ ਤੋਂ 6 ਜਨ, ਚੰਡੀਗੜ੍ਹ ਤੋਂ 10 ਜਨ, ਗੋਨਿਆਣਾ ਤੋਂ 4 ਜਨ, ਬਠਿੰਡਾ ਤੋਂ 2 ਜਨ, ਸਗਰੂਰ ਤੋਂ 1 ਜਨ, ਮੋਗਾ ਤੋਂ 4 ਜਨ ਥਰਾਜਵਾਲਾ ਤੋਂ 3 ਜਨ, ਪਦਮਪੁਰ ਤੋਂ 6 ਜਨ, ਗੱਜ ਸਿੰਘ ਪੁਰ ਤੋਂ 4 ਜਨ, ਬਲਬਹਾਦੁਰ ਸਿੰਘ ਜੀ ਰਿਸ਼ਤੇ ਦਾਰ 4-5, ਸਮਰਾਲਾ 2, ਮਾਨਸਾ ਤੋਂ 1 ਜਨ, ਗੰਗਾਨਗਰ 1, ਯਮੁਨਾਨਗਰ ਤੋਂ 1 ਜਨ, ਜੰਡਵਾਲਾ 1 ਜਨ, ਖਤੌਲੀ ਤੋਂ 3, ਮੇਰਠ ਦੜਬਾ ਤੋਂ 4 ਜਨ ਆਦਿ। ਕੁਲ 64 ਤੋਂ ਉੱਤੇ ਜਨ ਬਾਹਰ ਤੋਂ ਆਏ।

ਇਸ ਸ਼ੁਭ ਅਵਸਰ ਉੱਤੇ ਸਭਾਂਵਾਂ ਸ਼੍ਰੀਮਾਨ ਬਲਦੇਵ ਸਿੰਘ ਜੀ ਅਤੇ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਕਰਵਾਈਆ। ਭਜਨਾਂ ਦਾ ਗਾਣ ਸ਼੍ਰੀਮਾਨ ਜਗਦੀਸ਼

ਜੀ ਕਰਦੇ ਰਹੇ।

ਸਥਾਨੀ ਸੇਵਕਾਂ ਨੇ ਬਹੁਤ ਹੀ ਚਾਵ ਭਾਵ ਨਾਲ ਯਾਤਰੀ ਜਨ੍ਹਾਂ ਦੀ ਸੇਵਾ ਕਰਨ ਦੀ ਖੁਸ਼ੀ ਪ੍ਰਾਪਤ ਕੀਤੀ।

ਲੰਗਰ ਦਾ ਪ੍ਰਬੰਧ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਆਪਣੇ ਘਰ ਵਿੱਚ ਕੀਤਾ। ਉਨ੍ਹਾਂ ਦੇ ਸਾਰੇ ਪਰਿਵਾਰਿਕ ਜਨ ਬਹੁਤ ਸੇਵਾਕਾਰੀ ਹੁੰਦੇ ਰਹੇ। ਦੁੱਧ ਅਤੇ ਖਾਣਾ ਖੁਆਉਣ ਦਾ ਬਹੁਤ ਸੁੰਦਰ ਪ੍ਰਬੰਧ ਸੀ। ਸਾਰੇ ਯਾਤਰੀ ਇਸ ਪੱਖ ਵਿੱਚ ਸੰਤੁਸ਼ਟ ਸਨ।

ਬਹੁਤ ਚੰਗੀ ਚਹਿਲ-ਪਹਿਲ ਸੀ। ਸਥਾਨੀ ਸੇਵਕ ਦੁੱਧ ਅਤੇ ਰਾਸ਼ਨ ਆਦਿ ਲਿਆਉਣ ਦੀ ਸੇਵਾ ਕਰ ਰਹੇ ਸਨ। ਖਾਣਾ ਖਿਲਾਉਣ ਦੀ ਸੇਵਾ ਕਰਦੇ ਰਹੇ। ਜਿੰਨਾ ਘਰਾਂ ਵਿੱਚ ਯਾਤਰੀ ਠਹਿਰੇ ਸਨ, ਉਥੇ ਯਾਤਰੀਆਂ ਲਈ ਗਰਮ ਪਾਣੀ ਤੇ ਦੁੱਧ ਆਦਿ ਦਾ ਪੂਰਾ ਪ੍ਰਬੰਧ ਸੀ।

12-2-2004 ਰਾਤ ਨੂੰ ਕਲਿਆਣ ਵਿੱਚ ਪਹਿਲੀ ਸਭਾ ਕੀਤੀ ਗਈ। ਇਸ ਵਿੱਚ ਦੱਸਿਆ ਗਿਆ ਕਿ ਵਿਗਿਆਨ ਨੇ ਲਗਭਗ ਸਭ ਗਲ੍ਹਾਂ ਨੂੰ ਨਵੇਂ ਅਰਥ ਦਿੱਤੇ ਹਨ। ਧਰਮ ਨੂੰ ਵੀ ਨਵੇਂ ਅਰਥ ਦਿੱਤੇ ਹਨ। ਧਰਮ ਦੇ ਵਿਸ਼ੇ ਵਿੱਚ ਦੱਸਿਆ ਗਿਆ ਕਿ ਸਾਡਾ ਧਰਮ ਕੀ ਹੈ? ਸਾਡਾ ਵਿਵਹਾਰ ਹੀ ਸਾਡਾ ਧਰਮ ਹੈ। ਜਿਵੇਂ ਸਾਡੇ ਵਿਵਹਾਰ ਹੋਣਗੇ ਉਹ ਹੀ ਸਾਡੇ ਧਰਮ ਦਾ ਪ੍ਰੀਚੇ ਹੋਣਗੇ। ਧਰਮ ਵਿਸ਼ਵਾਸ ਦੀ ਚੀਜ਼ ਨਹੀਂ। ਪੂਜਾ ਪਾਠ, ਜਪ-ਤਪ ਆਦਿ ਦਾ ਨਾ ਧਰਮ ਨਹੀਂ ਹੈ। ਸਾਡੇ ਵਿਵਹਾਰ ਸਾਡੇ ਭਾਂਵਾਂ ਤੇ ਨਿਰਭਰ ਕਰਦੇ ਹਨ। ਉੱਚ ਭਾਵਾਂ ਨਾਲ ਉੱਚ ਵਿਵਹਾਰ ਹੁੰਦੇ ਹਨ। ਨੀਚ ਸੁੱਖਾਂ ਦੇ ਆਕਰਸ਼ਨਾਂ ਨਾਲ ਨੀਚ ਵਿਵਹਾਰ ਹੁੰਦੇ ਹਨ। ਇਮਾਨਦਾਰੀ ਦਾ ਭਾਵ, ਪਵਿਤਰਤਾ ਦਾ ਭਾਵ, ਸ਼ਰਧਾ, ਸ਼ੁਕਰਗੁਜਾਰੀ ਅਤੇ ਹਮਦਰਦੀ ਦੇ ਭਾਂਵਾਂ ਬਿਨਾਂ ਧਰਮ ਨਹੀਂ ਹੁੰਦਾ। ਗੁਰੂ ਮਹਾਰਾਜ ਵਿਸ਼ੇਸ਼ ਸ਼ਕਤੀਆਂ ਲੈ ਕੇ ਆਏ ਹਨ ਜੋ ਨੀਚ ਸ਼ਕਤੀਆਂ ਨੂੰ ਕੁਚਲਣ ਅਤੇ ਉੱਚ ਭਾਵ ਪੈਦਾ ਕਰਨ ਦੀ ਯੋਗਤਾ ਰਖਦੇ ਹਨ। ਸ਼੍ਰੀਮਾਨ ਬਲਬਹਾਦੁਰ ਜੀ ਨੇ ਦੱਸਿਆ ਕਿ ਧਰਮ ਸਬੰਧਾਂ ਨੂੰ ਲੈ ਕੇ ਹੈ। ਜਿੰਨੇ ਸਾਡੇ ਸਬੰਧ ਸਹੀ ਹਨ ਉਂਨੇ ਹੀ ਅਸੀਂ ਧਰਮਵਾਨ ਹਾਂ। ਗੁਰੂ ਮਹਾਰਾਜ ਦੀ ਕ੍ਰਿਪਾ ਦੁਆਰਾ ਲੋਕਾਂ ਦੇ ਅੰਦਰ ਆਏ ਸ਼ਾਨਦਾਰ ਪਰਿਵਰਤਨਾਂ ਦੇ ਉਦਾਹਰਨ ਪੇਸ਼ ਕੀਤੇ ਗਏ।

13-02-2004 ਸਵੇਰ ਦੀ ਸਭਾ ਵਿੱਚ ਦੱਸਿਆ ਗਿਆ ਕਿ ਜਿੰਦਾ ਸੰਗਤ ਕੀ ਹੁੰਦੀ ਹੈ? ਲੋਕ ਭੀੜ ਨੂੰ ਹੀ ਸੰਗਤ ਸਮਝਦੇ ਹਨ। ਦੇਵ ਆਤਮਾ ਦੀ ਪੈਦਾ ਕਰਦਾ ਸੰਗਤ ਕੀ ਹੈ? ਇਸ ਬਾਰੇ ਦੱਸਿਆ ਗਿਆ, ਜਿਸ ਸੰਗਤ ਨਾਲ ਹਿਰਦੇ ਵਿੱਚ ਉੱਚ ਪਰਿਵਰਤਨ ਨਾ ਆਏ ਉਹ ਮੁਰਦਾ ਸੰਗਤ ਹੈ। ਜਿੰਦਾ ਸੰਗਤ ਨਾਲ ਸਾਡੇ ਵਿਸ਼ਵਾਸ ਵਿਗਿਆਨ ਮੂਲਕ ਹੋਣੇ ਚਾਹੀਦੇ ਹਨ ਤਾਂ ਹੀ ਮਿਥਿਆ ਵਿਸ਼ਵਾਸ ਦੂਰ ਹੁੰਦੇ ਹਨ। ਜਿੰਦਾ ਸੰਗਤ ਨਾਲ ਸਾਡੇ ਵਿਵਹਾਰਾ ਵਿੱਚ ਸ਼ੁਭ ਪਰਿਵਰਤਨ ਆਉਣਾ ਚਾਹੀਦਾ ਹੈ। ਹਿਰਦੇ ਦੀ ਤਬਦੀਲੀ ਜਿੰਦਾ ਪ੍ਰਭਾਂਵਾਂ ਨਾਲ ਆਵੇਗੀ। ਅਗਰ ਭਲੀ ਤਬਦੀਲੀ ਨਹੀਂ ਆਉਂਦੀ ਤਾਂ ਸਾਡੇ ਅੰਦਰ ਬੁਰੀ ਤਬਦੀਲੀ ਆਉਂਦੀ ਹੈ। ਸਾਡੇ ਸਰੀਰ, ਦਿਮਾਗ ਅਤੇ ਦਿਲ ਵਿੱਚ ਉੱਚ ਤਬਦੀਲੀ ਆਉਣੀ ਚਾਹੀਦੀ ਹੈ। ਕਰਮਚਾਰੀ ਵੀ ਮੁਰਦਾ ਹੋ ਸਕਦੇ ਹਨ। ਉੱਚ ਤਬਦੀਲੀ ਉੱਚ ਸ਼ਕਤੀਆਂ ਨਾਲ ਆਉਣੀ ਹੈ। ਦੱਸਿਆ ਗਿਆ ਕਿ ਕਿਸ ਪ੍ਰਕਾਰ ਉੱਚ ਸੰਗਤ ਦੇ ਕਾਰਨ ਉੱਚ ਪਰਿਵਰਤਨ ਆ ਸਕਦੇ ਹਨ। ਗੁਰੂ ਮਹਾਰਾਜ ਕਿਸ ਪ੍ਰਕਾਰ ਅਧਿਕਾਰੀ ਆਤਮਾਵਾਂ ਦੇ ਅੰਦਰ ਉੱਚ ਪਰਿਵਰਤਨ ਲਿਆਉਂਦੇ ਹਨ। ਉਦਾਹਰਣਾਂ ਸਹਿਤ ਇਸ ਸਚਾਈ ਦਾ ਬਿਆਨ ਕੀਤਾ ਗਿਆ।

ਦੋਪਹਿਰ 3:30 ਵਜੇ ਇੱਕ ਸਭਾ ਕੀਤੀ ਗਈ। ਦੱਸਿਆ ਗਿਆ ਕਿ ਹਿੱਤ ਕੀ ਹੁੰਦਾ ਹੈ? ਆਪਣਾ ਅਤੇ ਦੂਜੇ ਅਸਤਿੱਤਾਂ ਦਾ ਪਹਿਲਾਂ ਨਾਲੋ ਬੇਹਤਰ ਹੋਣਾ ਹਿੱਤ ਕਹਿਲਾਉਂਦਾ ਹੈ। ਮਨੁੱਖ ਦੇ ਅਸਤਿੱਤ ਦਾ ਸਰੀਰ, ਮਾਨਸਿਕ ਤੇ ਹਾਰਦਿਕ ਬੇਹਤਰੀ ਦੇ ਹੋਣ ਨਾਲ ਹਿੱਤ ਹੁੰਦਾ ਹੈ। ਉਦਾਹਰਣਾ ਦੁਆਰਾ ਇਸ ਸਚਾਈ ਦਾ ਬਿਆਨ ਕੀਤਾ ਗਿਆ ਕਿ ਮਨੁੱਖ ਕਿਸ ਪ੍ਰਕਾਰ ਸਰੀਰ ਦਾ ਅਹਿੱਤ ਕਰਦਾ ਹੈ, ਕਿਸ ਤਰ੍ਹਾਂ ਬੇਈਮਾਨੀ, ਬੇਇਨਸਾਫੀ ਦੁਆਰਾ ਵਿਵਹਾਰਿਕ ਪੱਖਾਂ ਵਿੱਚ ਅਹਿੱਤ ਕਰਦਾ ਹੈ। ਸਾਡੇ ਨੀਚ ਸੁੱਖਾਂ ਦੇ ਆਕਰਸ਼ਨ ਸਾਨੂੰ ਅਹਿੱਤ ਦੀ ਤਰਫ ਖਿੱਚ ਲੈ ਜਾਂਦੇ ਹਨ।

ਗੁਰੂ ਮਹਾਰਾਜ ਇਸ ਤਰ੍ਹਾਂ ਦੀ ਰੋਸ਼ਨੀ ਲੈ ਕੇ ਆਏ ਹਨ ਜੋ ਅਹਿੱਤ ਦੀ ਤਰਫ ਲੈ ਜਾਣ ਵਾਲੀਆਂ ਨੀਚ ਸ਼ਕਤੀਆ ਦਿਖਾਉਂਦੇ ਹਨ ਤੇ ਉਨ੍ਹਾਂ ਤੋਂ ਨਿਕਲਣ ਦਾ ਬਲ ਪ੍ਰਦਾਨ ਕਰਦੇ ਹਨ।

13-2-2004 ਰਾਤ ਨੂੰ 8:00 ਵਜੇ ਇੱਕ ਸਭਾ ਕੀਤੀ ਗਈ। ਇਸ ਸਭਾ ਦੇ ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਸਨ। ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਸੁੱਖ ਦੀ ਧੁਰੀ ਦੇ ਚਾਰੋਂ ਤਰਫ ਘੁਮਦਾ ਰਹਿੰਦਾ ਹੈ। ਸੁਖ ਅਨੁਰਾਗੀ ਪ੍ਰਕ੍ਰਿਤੀ ਲੈ ਕੇ ਹੀ ਮਨੁੱਖ ਦਾ ਬੱਚਾ ਜਨਮ ਲੈਂਦਾ ਹੈ। ਸੁਖ ਨੂੰ ਲੈ ਕੇ ਹੀ ਉਸਦੀਆਂ ਚਿੰਤਾਵਾ ਤੇ ਕ੍ਰਿਆਵਾਂ ਹੁੰਦੀਆ ਰਹਿੰਦੀਆ ਹਨ। ਸੁਖ ਦਾ ਪ੍ਰੇਮ ਮਨੁੱਖ ਨੂੰ ਘਸੀਟਦਾ ਰਹਿੰਦਾ ਹੈ। ਜਿਸ ਪ੍ਰਕਾਰ ਬੰਦਰ ਸੁੱਖ ਦੀ ਸਿਰੀ ਨੂੰ ਪਕੜ ਕੇ ਰਗੜਦਾ ਰਹਿੰਦਾ ਹੈ ਉਸ ਤਰ੍ਹਾਂ ਸੁੱਖ ਮਨੁੱਖ ਨੂੰ ਘਸੀਟਦਾ ਰਹਿੰਦਾ ਹੈ। ਨਸ਼ੇ ਦਾ ਅਨੁਰਾਗ ਅਤੇ ਕਾਮ ਅਨੁਰਾਗ ਦੇ ਭਿਆਨਕ ਫਲਾਂ ਦੇ ਉਦਾਹਰਣਾਂ ਸਹਿਤ ਵਰਨਣ ਕੀਤਾ ਗਿਆ। ਮਨੁੱਖ ਜਾਤ ਹੀ ਸੁੱਖ ਦੀ ਜਾਤ ਹੈ। ਸੁਖ ਹਮੇਸ਼ਾ ਨੀਚ ਹੀ ਨਹੀਂ ਹੁੰਦੇ, ਉੱਚ ਸੁੱਖ ਵੀ ਹੁੰਦੇ ਹਨ। ਹਮਦਰਦੀ ਦੇ ਭਾਵ ਨਾਲ ਮਿਲਣ ਵਾਲਾ ਸੁੱਖ ਉੱਚ ਸੁਖ ਹੈ।

ਇਸ ਤੋਂ ਬਾਅਦ ਸ਼ੁਕਰਗੁਜ਼ਾਰੀ ਦੇ ਭਾਵ ਦਾ ਵਰਨਣ ਕੀਤਾ ਗਿਆ। ਸ਼ੁਕਰਗੁਜਾਰੀ ਤੋਂ ਮਿਲਣ ਵਾਲਾ ਸੁਖ ਵੀ ਵਿਸ਼ੇਸ਼ ਹੈ। ਸ਼ੁਕਰਗੁਜਾਰੀ ਦਾ ਪਤਾ ਉਸ ਦੀ ਅਨੁਉਪਸਥਿਤੀ ਨਾਲ ਹੀ ਲਗਦਾ ਹੈ। ਗੁਰੂ ਮਹਾਰਾਜ ਜੀ ਨੇ ਫਰਮਾਇਆ ਹੈ ਕਿ ਜੋ ਜਨ ਉਪਕਾਰ ਪਾਕੇ ਵੀ ਉਸਦੇ ਲਈ ਪ੍ਰਤੀਉਪਕਾਰ ਨਹੀਂ ਕਰਦਾ ਉਹ ਸਾਡੇ ਸਾਹਮਣੇ ਖੁਦਗਰਜ਼ ਕਮੀਨਾ ਅਤੇ ਪਾਪੀ ਹੈ, ਉਦਾਹਰਣਾ ਸਹਿਤ ਇਸ ਸਚਾਈ ਦਾ ਬਿਆਨ ਕੀਤਾ ਗਿਆ। ਕਿਸੇ ਨੇ ਸੁਖੀ ਹੋਣਾ ਹੋਵੇ ਤਾ ਉੱਚ ਭਾਵ ਪੈਦਾ ਕਰ ਲਵੋ। ਅਕ੍ਰਿਤਘਨ ਕਦੇ ਵੀ ਨਾ ਬਣੋਂ। ਕਾਸ਼! ਮਨੁੱਖ ਸ਼ੁਕਰਗੁਜ਼ਾਰੀ ਦੀ ਕੀਮਤ ਸਮਝ ਸਕੇ। ਅਸੀਂ ਆਪਣੀ ਸ਼ਕਲ ਨੂੰ ਆਪਣੇ ਆਪ ਨਹੀਂ ਦੇਖ ਸਕਦੇ। ਅਸੀਂ ਆਪਣੀ ਅਸਲ ਸ਼ਕਲ ਸ਼ੁਕਰਗੁਜ਼ਾਰ ਲੋਕਾਂ ਦੇ ਜੀਵਨ ਦੇ ਸੀਸੇ ਦੇ ਦੁਆਰਾ ਹੀ ਦੇਖ ਸਕਦੇ ਹਾਂ। ਗੁਰੂ ਮਹਾਰਾਜ ਸ਼ੁਕਰਗੁਜਾਰ ਬਣਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਨੇ ਨਾਸ਼ੁਕਰਿਆਂ ਨੂ ਬਦਲ ਕੇ ਸ਼ੁਕਰਗੁਜਾਰ ਬਣਾਇਆ ਹੈ। ਇਸ ਤੋਂ ਬਾਅਦ ਚਾਰ ਜਨ੍ਹਾਂ ਨੇ ਆਪਣੇ ਉਪਕਾਰੀਆਂ ਦੇ ਸਬੰਧ ਵਿੱਚ ਖੜੇ ਹੋ ਕੇ ਬਿਆਨ ਕਿੱਤਾ। ਇਹ ਸਭਾ ਬਹੁਤ ਪ੍ਰਭਾਵਸ਼ਾਲੀ ਰਹੀਂ।

14-02-2004 ਸਵੇਰ 8:30 ਵਜੇ ਇੱਕ ਸਭਾ ਕੀਤੀ ਗਈ। ਦੋ ਭਜਨਾ ਤੋਂ ਬਾਅਦ ਦੱਸਿਆ ਗਿਆ ਕਿ ਵਿੱਦਿਆ ਤੋਂ ਬਗੈਰ ਮਨੁੱਖ ਪਸ਼ੂ ਦੇ ਸਮਾਨ ਹੈ। ਧਰਮ ਤੋਂ ਬਿਨਾਂ ਮਨੁੱਖ ਪਸ਼ੁਆ ਤੋਂ ਵੀ ਜੀਵਨ ਦੇਲਿਹਾਜ ਨਾਲ ਨੀਚ ਹੈ। ਦਸਿਆ ਗਿਆ ਕਿ ਵਿੱਦਿਆ ਪੜ੍ਹਨੀ ਚਾਹੀਦੀ ਹੈ ਤੇ ਉੱਚ ਜੀਵਨ ਬਨਾਉਣਾ ਚਾਹੀਦਾ ਹੈ। ਧਰਮ ਕੀ ਹੈ? ਇਸਦੇ ਬਾਰੇ ਦੱਸਿਆ ਗਿਆ। "ਪਰਹਿਤ ਭਾਵ ਹਿਰਦੇ ਉਪਾਜਾਉ, ਧਰਮ ਮਾਰਗ ਦੀ ਦਿਗ ਤਬ ਜਾਉ" ਪਰਿਵਰਤਨ ਦੇ ਬਾਰੇ ਦੱਸਿਆ ਗਿਆ ਕਿ ਅਕਾਂਗਸ਼ਿਤ ਅਤੇ ਨਿਰਾਕਾਂਗਸ਼ਿਤ ਪਰਿਵਰਤਨ ਕੀ ਹੈ? ਸ਼ਰਧਾ ਦੇ ਭਾਵ ਦਾ ਵਰਨਣ ਕੀਤਾ ਗਿਆ। ਦੂਜਿਆਂ ਦੀ ਮਹਾਨਤਾ ਦੇਖੇ ਬਿਨਾਂ ਧਰਮ ਨਹੀਂ ਆਉਂਦਾ। ਗੁਰੂ ਮਹਾਰਾਜ ਇਸ ਤਰ੍ਹਾਂ ਦੀ ਰੋਸ਼ਨੀ ਰਖਦੇ ਹਨ ਕਿ ਜਿਸ ਦੇ ਦੁਆਰਾ ਮਨੁੱਖ ਦੀਆਂ ਹਾਰਦਿਕ ਅੱਖਾ ਬਣ ਜਾਂਦੀਆਂ ਹਨ ਜੋ ਦੂਜਿਆਂ ਦੀਆਂ ਮਹਾਨਤਾ ਨੂੰ ਦੇਖ ਸਕਦੇ ਹਨ। ਬਿਨ੍ਹਾਂ ਰੋਸ਼ਨੀ ਤੋਂ ਸਾਡੀਆਂ ਅੱਖਾਂ ਕਿਸੇ ਕੰਮ ਦੀਆਂ ਨਹੀਂ। ਸ਼ਰਧਾਵਾਨ ਜਨਾਂ ਦੇ ਉਦਾਹਰਣ ਪੇਸ਼ ਕੀਤੇ ਗਏ। ਸਭਾ ਤੋਂ ਪ੍ਰਭਾਵਿਤ ਹੋ ਕੇ ਦੋ ਤਿੰਨ ਜਨ੍ਹਾਂ ਨੇ ਦੂਜਿਆਂ ਦੇ ਸਦਗੁਣਾਂ ਦਾ ਵਰਨਣ ਕੀਤਾ।

14-02-2004 3:30 ਵਜੇ ਇਕ ਸਭਾ ਕੀਤੀ। ਇਸ ਦੇ ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਸਨ। ਇਸ ਵਿੱਚ ਦੱਸਿਆ ਗਿਆ ਕਿ ਗੁਰੂ ਮਹਾਰਾਜ ਨੇਚਰ ਦੇ ਵਿਕਾਸ ਦੇ ਕ੍ਰਮ ਵਿੱਚ ਅਤਿ ਹਿੱਤਕਰ ਅਦੁੱਤੀ ਵਿਸ਼ੇਸ਼ਤਾਂਵਾ ਲੈ ਕੇ ਪੈਦਾ ਹੋਏ ਹਨ। ਅਸੀਂ ਮਨੁੱਖ ਆਤਮਾ ਸੁੱਖ ਦੇ ਲਈ ਜਿਉਂਦੇ ਹਾਂ। ਦੇਵ ਆਤਮਾ ਸਤਿ ਅਤੇ ਸ਼ੁਭ ਦੇ ਲਈ ਜਿਉਂਦੇ ਹਨ। ਉਨ੍ਹਾਂ ਦਾ ਲਖਸ਼ ਅਦੁੱਤੀ ਹੈ। ਉਨ੍ਹਾਂ ਦੀ ਅਦੁਤੀ ਸਿੱਖਿਆ ਵਿਗਿਆਣ ਮੂਲਕ ਹੈ। ਉਨ੍ਹਾਂ ਦਾ ਕਾਰਜ ਨਿਰਾਲਾ ਹੈ। ਉਨਾਂ ਦਾ ਦੇਵਰੂਪ ਨਿਰਾਲਾ ਹੈ। ਗੁਰੂ ਮਹਾਰਾਜ ਜੀ ਨੇ ਨਵਾਂ ਵਾਕ ਸੁਣਾਇਆ ਹੈ ਕਿ ਜੀਵਨ ਸੰਬੰਧਾਂ ਵਿੱਚ ਹੈ। ਸੰਬੰਧਾਂ ਦਾ ਲਕਸ਼ ਪਰਸਪਰ ਵਿਕਾਸ ਕਰਨਾ ਹੈ। ਨੇਚਰ ਵਿੱਚ ਬਨਾਉ-ਬਣੋਂ, ਵਿਗਾੜੋ-ਵਿਗੜੋ ਦਾ ਨ੍ਹੇਮ ਜਾਰੀ ਹੈ। ਪਤੀ-ਪਤਨੀ ਦੇ ਸੰਬੰਧ ਦੇ ਬਾਰੇ ਖਾਸ ਸਭਾ ਕੀਤੀ ਗਈ। ਤਿੰਨ ਪਖਾਂ ਵਿੱਚ ਪਤੀ-ਪਤਨੀ ਨੂੰ ਇੱਕ-ਦੂਸਰੇ ਲਈ

ਸੇਵਾਕਾਰੀ ਹੋਣਾ ਚਾਹੀਦਾ ਹੈ। ਪਹਿਲਾ ਫਰਜ਼ ਇੱਕ ਦੂਸਰੇ ਦੇ ਸਰੀਰ ਦੀ ਸੇਵਾ ਕਰਨਾ, ਦੂਸਰਾ ਫਰਜ਼ ਇੱਕ ਦੂਸਰੇ ਦੀਆਂ ਮਾਨਸਿਕ ਯੋਗਤਾਂਵਾਂ ਦਾ ਵਿਕਾਸ ਕਰਨਾ। ਤੀਜਾ ਫਰਜ਼ ਹਾਰਦਿਕ ਸ਼ਕਤੀਆ ਦਾ ਵਿਕਾਸ ਕਰਨਾ ਦੱਸਿਆ ਗਿਆ। ਵਾਸਨਿਕ ਸੁਖ, ਸੰਤਾਨ ਉੱਤਪਤੀ ਆਦਿ ਗ੍ਰਿਹਸਤ ਜੀਵਨ ਦਾ ਲਖਸ਼ ਨਹੀਂ, ਫਿਰ ਉੱਚ ਸਤਰ ਦੇ ਉਦਾਹਰਣ ਦਿੱਤੇ ਗਏ।

ਰਾਤ ਨੂੰ ਇੱਕ ਸਭਾ ਕੀਤੀ ਗਈ। ਇਸ ਸਭਾ ਦੇ ਸਭਾਪਤੀ, ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਸਨ। ਇਸ ਵਿੱਚ ਦੱਸਿਆ ਗਿਆ ਕਿ ਨੇਚਰ ਦੀ ਹਰ ਘਟਨਾ ਉਸ ਦੇ ਨ੍ਯੇਮਾਂ ਦੇ ਅਨੁਸਾਰ ਹੁੰਦੀ ਹੈ। ਹਰ ਇੱਕ ਚੀਜ ਦੇ ਅਟਲ ਨ੍ਯੇਮ ਹਨ। ਉਨ੍ਹਾਂ ਨ੍ਯੇਮਾ ਤੋਂ ਉਲਟ ਕੋਈ ਚੀਜ਼ ਵਿਗਿਆਨ ਮੂਲਕ ਨਹੀਂ ਹੋ ਸਕਦੀ। ਸਾਡੇ ਚੰਗੇ ਅਤੇ ਬੁਰੇ ਬਣਨ ਦੇ ਵੀ ਅਟਲ ਨੇਮ ਹਨ। ਸਾਡਾ ਭਲਾ ਬੁਰਾ ਦੋ ਨੇਮਾਂ ਤੇ ਨਿਰਭਰ ਹੈ। ਵਿਰਾਸਤ ਅਤੇ ਵਾਤਾਵਰਣ। ਚੰਗਾ ਵਾਤਾਵਰਣ ਖਰਾਬ ਮਨੁੱਖ ਨੂੰ ਵੀ ਬਦਲ ਕੇ ਰੱਖ ਦਿੰਦਾ ਹੈ। ਚੰਗੇ ਵਾਤਾਵਰਣ ਵਿੱਚ ਬੈਠੋਗੇ ਤਾਂ ਉੱਚ ਪ੍ਰੇਰਨਾਵਾਂ ਪੈਦਾ ਹੋਣਗੀਆਂ। ਉਸ ਤੋਂ ਨਿਕਲਣ ਦੀ ਚਾਹਤ ਪੈਦਾ ਹੋਵੇਗੀ। ਇਹ ਧਾਰਮਿਕ ਨ੍ਯੇਮ ਪੂਰਾ ਹੁੰਦਾ ਹੈ। ਅਸੀਂ ਗੁਨਾਹਾਂ ਨਾਲ ਭਰੇ ਪਏ ਹਾਂ। ਦੇਵ ਆਤਮਾ ਨੇਚਰ ਦੇ ਵਿਕਾਸ ਵਿੱਚ ਇਸ ਤਰ੍ਹਾਂ ਦੀ ਅਦੁੱਤੀ ਹਸਤੀ ਪੈਦਾ ਹੋ ਗਈ ਜਿਨ੍ਹਾ ਦੀ ਜੋਤੀ ਵਿੱਚ ਸਾਨੂੰ ਆਪਣੀ ਨੀਚਤਾ ਨਜ਼ਰ ਆਉਂਦੀ ਹੈ ਅਤੇ ਉਸਨੂੰ ਦੂਰ ਕਰਨ ਦਾ ਬਲ ਮਿਲਦਾ ਹੈ।

15-2-2004 ਨੂੰ ਇੱਕ ਸਭਾ ਕੀਤੀ ਗਈ। ਇਸ ਦੇ ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਸਨ। ਮਾਤਾ ਪਿਤਾ ਦੇ ਸਬੰਧ ਵਿੱਚ ਵਿਸ਼ੇਸ਼ ਸਭਾ ਕੀਤੀ ਗਈ। ਇਸ ਵਿੱਚ ਫਰਮਾਇਆ ਗਿਆ ਕਿ ਦੇਵਆਤਮਾ ਦਾ ਆਵਿਰਭਾਵ, ਉਨ੍ਹਾ ਦਾ ਆਗਮਨ ਨੇਚਰ ਦੀ ਅਦਭੁਤ, ਅਦੁਤੀ ਤੇ ਲਾਜਵਾਬ ਘਟਨਾ ਹੈ। ਇਨਸਾਨੀਅਤ ਨੂੰ ਇਸ ਨੂੰ ਸਮਝਣਾ ਪਵੇਗਾ ਕਿਉਂਕਿ ਇਨਸਾਨਿਅਤ ਦਾ ਸੁਧਾਰ, ਉਧਾਰ ਤੇ ਸੱਚਾ ਕਲਿਆਣ ਉਨਾਂ ਦੀ ਸਹਾਇਤਾ ਤੋਂ ਬਿਨ੍ਹਾਂ ਅਸੰਭਵ ਹੈ। ਇਹ ਦਾਵਾ ਬੜਾ, ਜ਼ਬਰਦਸਤ ਤੇ ਚੁਭਣ ਵਾਲਾ ਹੈ। ਪਰ ਵਿਕਾਸ ਕ੍ਰਮ ਨੂੰ ਸਮਝਣਾ ਹੀ ਪਵੇਗਾ। ਨੇਚਰ ਦੇ ਵਿਕਾਸ ਦੇ ਕ੍ਰਮ ਵਿੱਚ ਦੇਵਆਤਮਾ ਦੇ ਹਿਰਦੇ ਵਿੱਚ ਵਿਕਾਸ ਹੋਇਆ ਹੈ ਜੋ ਅਦੁੱਤੀ ਹੈ। ਮਨੁੱਖ ਵਿੱਚ ਵਿਕਾਸ ਤਿੰਨ ਚੀਜਾਂ ਵਿੱਚ ਹੋਇਆ ਹੈ। ਖਾਸ ਕਰ ਸਰੀਰ, ਮਾਨਸਿਕ ਅਤੇ ਹਿਰਦੇ ਵਿੱਚ ਹੋਇਆ ਹੈ। ਦੇਖਣ ਵਾਲਿਆਂ ਨੂੰ ਵਿਕਾਸ ਨਜ਼ਰ ਆ ਸਕਦਾ ਹੈ। ਹਿਰਦੇ ਦੇ ਵਿਕਾਸ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਹਿਰਦੇ ਦੇ ਵਿਕਾਸ ਦੇ ਬਾਰੇ ਫਰਮਾਇਆ ਗਿਆ। ਗੁਰੂ ਮਹਾਰਾਜ ਦੇ ਅਦੁੱਤੀ ਰੂਪ ਨੇ ਧਰਮ ਦੀ ਦੁਨੀਆਂ ਵਿੱਚ ਇੱਕ ਅਦੁੱਤੀ ਕ੍ਰਾਂਤੀ ਲਿਆ ਦਿੱਤੀ ਹੈ। ਦੱਸਿਆ ਗਿਆ ਕਿ ਆਤਮਾ ਜਾਂ ਜੀਵਨੀ ਸ਼ਕਤੀ ਸਾਰ ਹੈ। ਆਤਮਾ ਨੂੰ ਬਚਾਉਣ ਲਈ, ਉਸ ਦਾ ਵਿਕਾਸ ਕਰਨ ਲਈ ਦੇਵ ਆਤਮਾ ਦੀ ਰੋਸ਼ਨੀ ਪਾਉਣੀ ਪਵੇਗੀ। ਗੁਰੂ ਮਹਾਰਾਜ ਦੀ ਸਿੱਖਿਆ ਹੈ ਕਿ ਚਾਰਾਂ ਜਗਤਾਂ ਦੇ ਨਾਲ ਹਿਤਕਰ ਸਬੰਧ ਸਥਾਪਨ ਕਰਨਾ। ਮਨੁੱਖ ਨੇ ਪਸ਼ੂਆਂ ਅਤੇ ਇਸਤਰੀ ਜਾਤੀ ਉੱਤੇ ਬਹੁਤ ਜ਼ੁਲਮ ਕੀਤਾ ਹੈ। ਇਨਸਾਨ ਪਸ਼ੂਆਂ ਤੋਂ ਆਇਆ ਹੈ ਇਸ ਲਈ ਉਸਨੂੰ ਅੱਜੇ ਤੱਕ ਸਬੰਧਾਂ ਵਿੱਚ ਜੀਉਣਾ ਨਹੀਂ ਆਇਆ। ਅਸੀਂ ਸ਼ਰਧਾ ਸ਼ਬਦ ਸਿਰਫ ਮਾਤਾ ਪਿਤਾ ਜਾਂ ਵਿਸ਼ੇਸ਼ ਉੱਚ ਕਰਮਚਾਰੀਆਂ ਦੇ ਵਾਸਤੇ ਵਰਤ ਸਕਦੇ ਹਾਂ।

ਗੁਰੂ ਮਹਾਰਾਜ ਫਰਮਾਉਂਦੇ ਹਨ ਕਿ ਮੈਂ ਇਸ ਦੁਨੀਆਂ ਵਿਚ ਸਵਰਗ ਚਾਹੁੰਦਾ ਹਾਂ। ਸਾਡੇ ਮਾਤਾ ਪਿਤਾ ਸਾਡੇ ਜਨਮਦਾਤਾ, ਰੱਖਿਆਕਰਤਾ, ਪਾਲਣਕਰਤਾ, ਤੇ ਸਿੱਖਿਆਦਾਤਾ ਹਨ। ਸਾਡੇ ਮਾਤਾ ਪਿਤਾ ਕਿਵੇਂ ਇਨ੍ਹਾਂ ਚਾਰਾਂ ਪੱਖਾਂ ਵਿੱਚ ਕੁਰਬਾਨੀਆਂ ਕਰਦੇ ਹਨ ਉਨ੍ਹਾਂ ਦਾ ਵਰਨਣ ਕੀਤਾ ਗਆ। ਸਭਾਪਤੀ ਜੀ ਨੇ ਦੂਜਿਆਂ ਦਾ ਮਾਤਾ ਪਿਤਾ ਦੇ ਨਾਲ ਸਬੰਧ ਦਾ ਵਰਨਣ ਕਰਦੇ ਹੋਏ ਆਪਣੇ ਸਬੰਧ ਦਾ ਵਰਨਣ ਕੀਤਾ। ਇਸ ਤੋਂ ਬਾਅਦ ਇੱਕ ਭਜਨ ਦਾ ਗਾਣ ਕੀਤਾ ਗਿਆ। ਸਭਾ ਬਹੁਤ ਹੀ ਪ੍ਰਭਾਵਸ਼ਾਲੀ ਸੀ। ਅਧਿਕਾਰੀ ਆਤਮਾਂਵਾਂ ਗੁਰੂ ਮਹਾਰਾਜ ਨੂੰ ਧੰਨਵਾਦ ਦਿੰਦੀਆ ਹੋਈਆਂ ਝੂਮ ਰਹੀਆਂ ਸਨ। ਫਿਰ ਸਭਾਪਤੀ ਜੀ ਨੇ ਫਰਮਾਇਆ ਕਿ ਜਿਸਨੂੰ ਜੋ ਕੁਝ ਲਾਭ ਹੋਇਆ ਹੈ ਉਸਦਾ ਵਰਨਣ ਕਰ ਸਕਦੇ ਹਨ।

ਭਾਵ ਪ੍ਰਕਾਸ਼

ਸ਼੍ਰੀਮਾਨ ਬਲਬਹਾਦੁਰ ਸਿੰਘ ਜੀ :- ਮੈਨੂੰ ਦੋ

ਇਸਤਰੀਆਂ ਦੇ ਸਬੰਧ ਵਿੱਚ ਖਾਸ ਸਬੰਧ ਮਹਿਸੂਸ ਹੁੰਦਾ ਰਿਹਾ ਹੈ। ਇੱਕ ਮੇਰੀ ਅਧਿਆਪਕਾ ਬੀਬੀ ਸਰਵਨ ਕੌਰ ਜੀ ਅਤੇ ਇੱਕ ਸਭਾਪਤੀ ਜੀ ਦੀ ਸ਼ਰਧੇਮਾਤਾ ਜੀ। ਬੜੀ ਕ੍ਰਿਪਾ ਕੀਤੀ ਕਿ ਮਾਤਾ ਜੀ ਦੀ ਮਹਿਮਾ ਦਾ ਬਿਆਨ ਕੀਤਾ ਗਿਆ ਅਤੇ ਉਸਨੇ ਇਸ ਤਰ੍ਹਾਂ ਦੇ ਸਪੂਤ ਨੂੰ ਜਨਮ ਦਿਤਾ ਹੈ ਜਿਸਨੇ ਇਹ ਬ੍ਰਤ ਲਿਆ ਹੈ ਕਿ ਵਿਗੜੇ ਬੱਚਿਆਂ ਨੂੰ ਸਵਾਰ ਕੇ ਮਾਤਾ ਪਿਤਾ ਦਾ ਰੂਪ ਦਿਖਾਉਣਾ ਹੈ। ਮੇਰਾ ਵੀ ਉਨ੍ਹਾਂ ਨੇ ਭਲਾ ਕੀਤਾ ਹੈ। ਮੇਰੇ ਮਾਤਾ ਜੀ ਨੇ ਜਿਸ ਪ੍ਰਕਾਰ ਆਪਣੇ ਪਿਤਾ ਜੀ ਦੀ ਅਤੇ ਨਾਨੀ ਜੀ ਦੀ ਸੇਵਾ ਕੀਤੀ ਹੈ ਉਹ ਵੀ ਬਹੁਤ ਖਾਸ ਹੈ।

ਪਿਤਾ ਜੀ ਦਾਦਾ ਜੀ ਦੇ ਬਚਨਾਂ ਨੂੰ ਇਲਾਹੀ ਫਰਮਾਨ ਦਾ ਰੁਤਬਾ ਦਿੰਦੇ ਹਨ। ਮਾਤਾ ਪਿਤਾ ਨੂੰ ਤਾਂ ਸਾਹ ਹੀ ਆਪਣੇਂ ਬੱਚਿਆਂ ਤੋਂ ਹੋ ਕੇ ਆਉਂਦਾ ਹੈ। ਮਾਤਾ ਪਿਤਾ ਬੱਚਿਆ ਤੇ ਨਿਸਾਰ ਹੁੰਦੇ ਹਨ। ਘਰ ਬਾਰ ਅਤੇ ਜਮੀਨ ਜਾਇਦਾਦ ਸਬ ਕੁਝ ਦੇ ਦਿੰਦੇ ਹਨ। ਫਿਰ ਬਚਿਆਂ ਦੇ ਹੱਥਾਂ ਦੀ ਤਰਫ ਦੇਖਦੇ ਹਨ। ਮੈਂ ਲਗਭਗ 27 ਸਾਲਾਂ ਤੋਂ ਮਾਤਾ ਪਿਤਾ ਜੀ ਦੇ ਚਰਨਾਂ ਵਿੱਚ ਪ੍ਰਣਾਮ ਕਰਦਾ ਹਾਂ। ਮਾਂ-ਬਾਪ ਦੀ ਵਡੇ ਹੋਕੇ ਬੱਚਿਆਂ ਜਿਹੀ ਹਾਲਤ ਜੋ ਜਾਂਦੀ ਹੈ। ਉਨ੍ਹਾਂ ਨੂੰ ਮਲ-ਮੂਤਰ ਦੀ ਵੀ ਹੋਸ਼ ਨਹੀਂ ਰਹਿੰਦੀ। ਮੈਂ ਮਾਤਾ ਪਿਤਾ ਦੀ ਇਸ ਅਵਸਥਾ ਦੇ ਲਈ ਪੂਰੇ ਤੌਰ ਤੇ ਤਿਆਰ ਹੋ ਸਕਾਂ। ਮਾਤਾ ਪਿਤਾ ਨੇ ਹਮੇਸ਼ਾ ਮੇਰੇ ਉੱਤੇ ਸੱਚੇ ਪਿਆਰ ਦੀ ਬਾਰਿਸ਼ ਕੀਤੀ ਹੈ। ਮੈਂ ਉਸਨੂੰ ਸਦਾ ਦੇਖਣ ਦੇ ਯੋਗ ਰਹਿ ਸਕਾਂ। ਆਪਣੀ ਸੰਤਾਨ ਦੇ ਸਬੰਧ ਵਿੱਚ ਵੀ ਗੁਰੂ ਦੀ ਸਿੱਖਿਆ ਪਾ ਸਕਾਂ। ਮੈਂ ਪਿਤਾ ਜੀ ਦੀ ਸੱਚੀ ਤੇ ਜੋਖ਼ਿਮ ਭਰੀ ਕਮਾਈ ਦਾ ਦੁਰ-ਉਪਯੋਗ ਕੀਤਾ ਹੈ। ਮਹਾਰਾਜ ਜੀ ਨੇ ਮੈਨੂੰ ਮਾਤਾ ਪਿਤਾ ਦਾ ਰੂਪ ਦਿਖਾਇਆ ਹੈ। ਮੇਰਾ ਇਸਤਰੀ ਜਾਤੀ ਦੇ ਸਬੰਧ ਵਿਚ ਘ੍ਰਿਣਿਤ ਰੂਪ ਦੂਰ ਹੋਇਆ ਹੈ। ਮੈਂ ਖੁਦਗਰਜ਼ ਟੀਚਰ ਸੀ। ਮੈਨੂੰ ਬੱਚਿਆਂ ਦੀ ਮਾਂ ਬਣਕੇ ਪੜਾਉਣ ਦੇ ਯੋਗ ਕੀਤਾ ਹੈ। ਪਤਨੀ ਦੇ ਸਬੰਧ ਵਿੱਚ ਮੇਰਾ ਵਰਤਾਵ ਬਦਲਿਆ ਹੈ। ਸਾਡੇ ਨੀਚ ਜੀਵਨ ਨੂੰ ਦੇਖ ਕੇ ਲੋਕੀ ਕਹਿੰਦੇ ਸਨ ਕਿ ਇਹ ਬੱਚੇ ਆਪਦੇ ਪਿਤਾ ਨੂੰ ਸੰਗਲ ਲਗਾ ਕੇ ਗੱਡੇ ਨਾਲ ਬੰਨ ਦੇਣਗੇ। ਮੈਂ ਜਿੱਥੇ ਪਿਤਾ ਜੀ, ਸ਼੍ਰੀਮਾਨ ਜੀ, ਜਗਦੀਸ਼ ਜੀ, ਬਲਜੀਤ ਜੀ, ਗੁਰਦੇਵ ਜੀ ਆਦਿ ਦੇ ਨਾਲ ਇਸ ਸਭਾ ਵਿੱਚ ਸ਼ਾਮਿਲ ਹੋਣਾ, ਫਰਿਸ਼ਤਿਆਂ ਦੀ ਮਹਫਿਲ ਵਿੱਚ ਬੈਠਾ ਹੋਇਆ ਮਹਿਸੂਸ ਕਰਦਾ ਹਾਂ। ਗੁਰੂ ਦਾ ਇਹ ਸਵਰਗੀ ਕੰਮ ਜ਼ਿਆਦਾ ਤੋ ਜ਼ਿਆਦਾ ਵੱਧ ਸਕੇ।

ਸ਼੍ਰੀਮਾਨ ਜਗਦੀਸ਼ ਜੀ :-ਮੇਰੇ ਪਿਤਾ ਜੀ ਦੇ ਉਪਕਾਰ ਨਜ਼ਰ ਆਉਂਦੇ ਹਨ। ਮੇਰਾ ਕੰਨ ਵਗਦਾ ਸੀ। ਬੇਹੱਦ ਖਰਾਬ ਹੋ ਗਿਆ ਸੀ। ਡਾਕਟਰਾਂ ਤੋਂ ਇਲਾਜ ਕਰਵਾਇਆ ਮਗਰ ਫਾਇਦਾ ਨਾ ਹੋਇਆ। ਡਾਕਟਰਾਂ ਨੇ ਕਿਹਾ ਕਿ ਇਹ ਲਾ-ਇਲਾਜ ਹੋ ਗਿਆ ਹੈ। ਪਿਤਾ ਜੀ ਬਹੁਤ ਫਿਕਰ ਵਿੱਚ ਪੈ ਗਏ। ਉਹ ਮੈਨੂੰ ਜੈਪੁਰ ਲੈ ਗਏ। ਫਿਰ ਉਦੈ-ਪੁਰ ਲੈ ਗਏ। ਸਬ ਨੇ ਜਵਾਬ ਦੇ ਦਿੱਤਾ। ਫਿਰ ਚੰਡੀਗੜ੍ਹ ਲੈ ਆਏ। ਉੱਥੇ ਵੀ ਗੱਲ ਨਾ ਬਣੀਂ। ਪਿਤਾ ਜੀ ਨੇ ਹਾਰ ਨਾ ਮੰਨ੍ਹੀ। ਆਖ਼ਿਰ ਬੀਕਾਨੇਰ ਦਿਖਾਇਆ। ਉੱਥੇ ਡਾਕਟਰਾਂ ਦੀ ਯੋਗਤਾ ਰੰਗ ਲਿਆਈ ਅਤੇ ਮੇਰਾ ਕੰਨ ਬਚ ਗਿਆ।

ਬੱਚੇ ਸ਼ਰਾਬ-ਮਾਸ, ਚੋਰੀ, ਆਦਿ ਨਾਲ ਵੀ ਮਾਤਾ ਪਿਤਾ ਦਾ ਅਪਮਾਨ ਕਰਦੇ ਹਨ। ਮਗਰ ਮੈਂ ਤਾਂ ਸਾਮਾਜਿਕ ਤੌਰ ਤੇ ਵੀ ਮਾਤਾ ਪਿਤਾ ਦਾ ਅਪਮਾਨ ਕੀਤਾ ਹੈ। ਮੈਂ ਇੱਕ ਵਾਕਫ਼ਕਾਰਾਂ ਤੇ ਘਰ ਉਨ੍ਹਾਂ ਦੀ ਲੜਕੀ ਦੇ ਘਰ ਬਹੁਤ ਘ੍ਰਿਣਿਤ ਅਤੇ ਅਸ਼ਿਸ਼ਟ ਗਲ ਕੀਤੀ ਸੀ। ਮੇਰੇ ਪਿਤਾ ਜੀ ਦਾ ਰੁਤਬਾ ਕੀ ਅਤੇ ਮੈਂ ਉਨ੍ਹਾਂ ਦਾ ਬੇਟਾ ਹੋ ਕੇ ਕੀ ਕੀਤਾ। ਇਸ ਗਲਤੀ ਦੇ ਲਈ ਉਨ੍ਹਾਂ ਦੇ ਕਦਮਾਂ ਵਿੱਚ ਗਿਰ ਕੇ ਮਾਫੀ ਮੰਗਦਾ ਹਾਂ। (ਰੋ ਰੋ ਕੇ)

ਘਰ ਵਿਚੋਂ ਉਸ ਤਰ੍ਹਾਂ ਰੁਪਏ ਨਹੀਂ ਮਿਲਦੇ ਸਨ। ਮੈਂ ਰਿਸ਼ਤੇਦਾਰਾਂ ਦੇ ਘਰ ਜਾ ਕੇ ਕਦੇ 20 ਰੁਪਏ ਤੇ ਕਦੇ 30 ਰੁਪਏ ਉਧਾਰ ਮੰਗ ਕੇ ਮਾਤਾ ਪਿਤਾ ਜੀ ਨੂੰ ਖਜਲ-ਖੁਵਾਰ ਕਰਦਾ ਰਹਿੰਦਾ ਸੀ। ਮੈਂ ਦੁੱਖ ਦਿੰਦਾ ਸੀ ਅਤੇ ਉਨ੍ਹਾਂ ਦਾ ਅਪਮਾਨ ਕਰਦਾ ਸੀ। ਜਦੋਂ ਮੈਂ ਉਨ੍ਹਾਂ ਦੇ ਚਰਨਾਂ ਵਿੱਚ ਗਿਰਦਾ ਹਾਂ ਤਾਂ ਉਨ੍ਹਾਂ ਨੂੰ ਇਹ ਹੀ ਬੇਨਤੀ ਕਰਦਾ ਹਾਂ ਕਿ ਮੇਰਾ ਗੁਨਾਹ ਮਾਫ ਕਰ ਦਿਉ। ਆਪ ਜੀ ਦਾ ਬਿਆਨ ਬਹੁਤ ਜੋਰਦਾਰ ਸੀ ਅਤੇ ਆਪ ਬੇਬਸ ਰੋ ਰਹੇ ਸਨ ਜਿਸ ਦਾ ਪ੍ਰਭਾਵ ਹਾਜਰੀਨ ਦੇ ਪੈ ਰਿਹਾ ਸੀ। ਅਧਿਕਾਰੀ ਹਿਰਦੇ ਗੁਰੂ ਦੇ ਚਰਨਾਂ ਵਿੱਚ ਝੁਕ ਰਹੇ ਸਨ।

ਸ਼੍ਰੀਮਾਨ ਡਾ. ਮਨਸਾ ਸਿੰਘ ਜੀ :- ਧੰਨ ਹੈ ਭਗਵਾਨ ਦੇਵ ਆਤਮਾ ਜਿਨ੍ਹਾਂ ਨੇ ਇਸ ਤਰ੍ਹਾਂ ਦੀ ਅਦੁੱਤੀ ਸਿੱਖਿਆ

ਦਿੱਤੀ ਹੈ। ਮੈਨੂੰ ਆਪਣਾਂ ਨਾਲਾਇਕ, ਖੁਦਗਰਜ਼ ਅਤੇ ਘਟਿਆਪਨ ਨਜ਼ਰ ਆਇਆ ਹੈ। ਮੇਰੇ ਪਿਤਾ ਜੀ ਨੇ ਦੋ ਰੁਪਏ ਦੀ ਮਜਦੂਰੀ ਕਰਕੇ ਸਾਡਾ ਪੇਟ ਪਾਲਨ ਕੀਤਾ ਹੈ। ਪੜਾਈ ਲਿਖਾਈ ਸਾਰੀ ਕਰਵਾਈ ਹੈ। ਮਾਤਾ ਜੀ ਮੀਲ ਭਰ ਤੋਂ ਪਾਣੀ ਭਰਕੇ ਲਿਆਉਂਦੀ ਰਹਿੰਦੀ ਸੀ। ਚੱਕੀ ਪੀਸਦੀਆਂ ਸਨ। ਗੋਬਰ ਦਾ ਕੰਮ ਕਰਦੀਆਂ ਸਨ। ਦਿਨ ਭਰ ਸੰਗਰਾਮ ਕਰਦੀਆਂ ਸਨ। ਮੈਂ ਇਸ ਤਰ੍ਹਾਂ ਦੀ ਮਾਂ ਦੀ ਵੀ ਕੋਈ ਸੇਵਾ ਨਹੀਂ ਕੀਤੀ। ਇੱਥੇ ਬੈਠਕੇ ਬਹੁਤ ਦੁੱਖ ਹੋ ਰਿਹਾ ਹੈ ਅਤੇ ਸ਼ਰਮ ਆਉਂਦੀ ਰਹੀ ਹੈ। ਪਿਤਾ ਜੀ ਦੀ ਆਖ਼ਿਰੀ ਸਾਲ ਕੁਝ ਸੇਵਾ ਕੀਤੀ ਹੈ ਉਹ ਵੀ ਸਮਾਜ ਦੇ ਪ੍ਰਭਾਵ ਨਾਲ। ਜਿੰਨੀ ਸੇਵਾ ਕਰਨੀ ਚਾਹੀਦੀ ਸੀ ਉਹ ਨਹੀਂ ਕੀਤੀ। ਉਸਦਾ ਵੀ ਦੁੱਖ ਹੈ।

ਸ਼੍ਰੀਮਾਨ ਸੁਖਦੇਵ ਸਿੰਘ ਜੀ ਵਿਕਾਸਆਰਥੀ। :– ਮੈਂ ਆਪਣੇ ਆਪ ਨੂੰ ਇਸ ਮਾਹੌਲ ਦੇ ਵਿੱਚ ਬੈਠਿਆਂ ਵੇਖਕੇ ਆਪਣੀ ਖੁਸ਼ੀ ਦੀ ਕੋਈ ਸੀਮਾਂ ਨਹੀਂ ਸਮਝਦਾ। ਸਾਡਾ ਸਭ ਤੋ ਵੱਡਾ ਸੁਭਾਗ ਇਹ ਹੈ ਕਿ ਨੇਚਰ ਨੇ ਭਗਵਾਨ ਦੇਵ ਆਤਮਾ ਨੂੰ ਪੈਦਾ ਕਰ ਦਿੱਤਾ ਹੈ। ਧੰਨਵਾਦ ਹੈ ਇਸ ਵਿਕਾਸਕਾਰੀ ਨੇਚਰ ਦਾ। ਗੁਰੂ ਜੀ ਦੀ ਰੋਸ਼ਨੀ ਵਿੱਚ ਜਦੋਂ ਇਹ ਮਹਿਸੂਸ ਕਰਦਾ ਹਾਂ ਕਿ ਭਗਵਾਨ ਦਾ ਦੇਵਰੂਪ ਸਾਡੇ ਮਨੁੱਖਾਂ ਵਾਸਤੇ ਕੀ ਕਰ ਸਕਦਾ ਹੈ ਅਤੇ ਖਾਸਕਰ ਮੈ ਕਿੰਨ੍ਹਾ ਲਾਭ ਉਠਾ ਸਕਦਾ ਹਾਂ ਤਾਂ ਮੇਰੇ ਹਿਰਦੇ ਅੰਦਰੋਂ ਗੁਰੂ ਨੂੰ ਵਾਰ ਵਾਰ ਧੰਨਵਾਦ ਦੇ ਸ਼ਬਦ ਨਿਕਲਦੇ ਹਨ। ਹੋ ਸਕਦਾ ਹੈ ਕਿਸੇ ਹੋਰ ਨੂੰ ਮਾਂ–ਬਾਪ ਦਾ ਰੂਪ ਕਿੰਨਾ ਨਜ਼ਰ ਆ ਜਾਂਦਾ ਪਰੰਤੂ ਮੈਨੂੰ ਗੁਰੂ ਮਹਾਰਾਜ ਦੀ ਕ੍ਰਿਪਾ ਤੋਂ ਬਿਨ੍ਹਾਂ, ਉਨ੍ਹਾਂ ਦੇ ਲਿਟਰੇਚਰ ਤੋਂ ਬਿਨ੍ਹਾਂ ਮਾਤਾ ਪਿਤਾ ਜੀ ਦਾ ਰੂਪ ਕਦੇ ਨਜ਼ਰ ਨਹੀਂ ਆ ਸਕਦਾ ਸੀ। ਮਾਤਾ ਪਿਤਾ ਦੇ ਉਪਕਾਰ ਦਿਖਾਏ ਹਨ। ਸਭ ਤੋਂ ਵੱਡਾ ਉਪਕਾਰ ਇਹ ਨਜ਼ਰ ਆ ਰਿਹਾ ਹੈ ਕਿ ਉਨ੍ਹਾਂ ਦੀ ਸੰਤਾਨ ਹੋ ਕੇ ਮੈਨੂੰ ਗੁਰੂ ਮਹਾਰਾਜ ਜੀ ਦਾ ਪਤਾ ਚਲ ਗਿਆ। ਇਸ ਵਿਸ਼ੇਸ਼ ਵਾਤਾਵਰਣ ਵਿੱਚ ਰਹਿ ਕੇ ਤੇ ਉਨ੍ਹਾਂ ਦਾ ਅਦੁੱਤੀ ਲਿਟਰੇਚਰ ਪੜ੍ਹ ਕੇ ਮਾਤਾ ਪਿਤਾ ਜੀ ਦੀ ਜੋ ਤਸਵੀਰ ਬਣਦੀ ਹੈ ਉਸਦਾ ਬਿਆਨ ਨਹੀਂ ਕਰ ਸਕਦਾ। ਉਨ੍ਹਾਂ ਦੇ ਅਦੁੱਤੀ ਲਿਟਰੇਚਰ ਵਿੱਚ ਉਨ੍ਹਾਂ ਦੇ ਦੇਵਰੂਪ ਦੇ ਦਰਸ਼ਨ ਹੁੰਦੇ ਹਨ। ਦੇਵ ਆਤਮਾ ਦਾ ਦੇਵਰੂਪ ਆਪਣੇ ਆਪ ਵਿੱਚ ਕੀ ਹੈ। ਜਦੋਂ ਇਸ ਵਿਸ਼ੇ ਦੇ ਗੁਰੂ ਮਹਾਰਾਜ ਦੀ ਕ੍ਰਿਪਾ ਹੁੰਦੀ ਹੈ ਤਾਂ ਆਪਣੇ ਸੁਭਾਗ ਦੀ ਕੋਈ ਸੀਮਾਂ ਨਹੀਂ ਸਮਝਦਾ। ਗੁਰੂ ਮਹਾਰਾਜ ਕਿਸ ਤਰ੍ਹਾਂ ਦੇ ਅਦੁੱਤੀ ਬੇਟੇ ਅਤੇ ਕਿਸ ਤਰ੍ਹਾਂ ਦੇ ਪਿਤਾ ਸਨ। ਇਹ ਰੂਪ ਆਪਣੇ ਆਪ ਵਿੱਚ ਇੱਕ ਵਿਸ਼ੇਸ਼ਤਾ ਰਖਦਾ ਹੈ। ਬੜੇ ਦੁਖ ਦਾ ਕਾਰਨ ਹੈ ਅੱਜੇ ਤਕ ਇਹ ਅਦੁੱਤੀ ਸਿੱਖਿਆ ਜ਼ਿਆਦਾ ਅਧਿਕਾਰੀ ਆਤਮਾ ਤਕ ਨਹੀਂ ਪਹੁੰਚ ਸਕੀ ਜਿਸ ਵਿੱਚ ਅੰਮ੍ਰਿਤ ਦੀ ਧਾਰਾ ਵਗਦੀ ਹੈ। ਦੇਵ ਆਤਮਾ ਨੇ ਕਿਸ ਪ੍ਰਕਾਰ ਸੱਤਿ ਅਤੇ ਸ਼ੁਭ ਅਨੁਰਾਗਾ ਨਾਲ ਆਪਣੀ ਸੰਤਾਨ ਦਾ ਪਾਲਣ–ਪੋਸ਼ਨ ਕੀਤਾ ਹੈ ਅਤੇ ਦੇਵ–ਆਤਮਾ ਨੂੰ ਆਤਮਾ ਸੰਤਾਨ ਤੋਂ ਕਿਸ ਤਰ੍ਹਾਂ ਦਾ ਸਲੂਕ ਮਿਲਿਆ ਹੈ, ਉਹ ਸਿਵਾਏ ਭਗਵਾਨ ਦੇਵ ਆਤਮਾ ਤੋਂ ਹੋਰ ਪੂਰਨ ਰੂਪ ਵਿੱਚ ਕੋਈ ਨਹੀਂ ਜਾਣ ਸਕਦਾ।

ਗੁਰੂ ਦੀ ਕ੍ਰਿਪਾ ਦੁਆਰਾ ਮਾਤਾ ਪਿਤਾ ਜੀ ਨੂੰ ਪੱਤਰ ਲਿਖਣ ਦੇ ਲਈ ਮਜਬੂਰ ਹੋ ਜਾਂਦਾ ਹਾਂ ਕਿ ਮਾਤਾ ਪਿਤਾ ਜੀ ਮੈਂ ਆਪਦੀ ਸੰਤਾਨ ਹੋ ਕੇ ਕਿੰਨਾ ਸੁਭਾਗਵਾਨ ਮਹਿਸੂਸ ਕਰਦਾ ਹਾਂ ਜਿਸਦਾ ਸ਼ਬਦਾਂ ਦੇ ਰਾਹੀਂ ਬਿਆਨ ਕਰਨਾ ਮੁਸ਼ਕਿਲ ਹੈ ਕਿ ਮੈਨੂੰ ਕਿਸੇ ਅੰਸ਼ ਭਗਵਾਨ ਦੇਵ ਆਤਮਾ ਦਾ ਮੋਟੇ ਰੂਪ ਵਿੱਚ ਪਤਾ ਚਲ ਗਿਆ ਹੈ। ਮੇਰਾ ਲਖਸ਼ ਬਦਲ ਗਿਆ ਹੈ। ਮੈਂ ਕਿਸੇ ਵੱਡੇ ਤੋਂ ਵੱਡੇ ਅਮੀਰ ਪੜੇ ਲਿਖੇ ਦੇ ਘਰ ਪੈਦਾ ਹੋ ਜਾਂਦਾ, ਅਗਰ ਭਗਵਾਨ ਦੇਵ ਆਤਮਾ ਦੇ ਦਰ ਦਾ ਪਤਾ ਨਾ ਚਲਦਾ, ਮੇਰੀ ਜ਼ਿੰਦਗੀ ਬੇਕਾਰ ਹੋ ਜਾਣੀ ਸੀ। ਮੈਨੂੰ ਹੁਣ ਇਹ ਮਹਿਸੂਸ ਹੁੰਦਾ ਹੈ ਕਿ ਮੇਰਾ ਜੀਵਨ ਜ਼ਰੂਰ ਕਿਸੇ ਅੰਸ਼ ਸਫਲ ਹੋਵੇਗਾ। ਇਸ ਦਰ ਤੇ ਆਉਣ ਤੋਂ ਪਹਿਲਾ ਮਾਂ–ਬਾਪ ਨੂੰ ਪ੍ਰਣਾਮ ਕਰਨਾ ਮੁਸ਼ਕਿਲ ਲਗਦਾ ਸੀ। ਹੁਣ ਰੋਜ਼ਾਨਾ ਆਪਣੇ ਸਾਧਨ ਵਿੱਚ ਉਨ੍ਹਾਂ ਦੇ ਚਰਨਾਂ ਨੂੰ ਸਾਹਮਣੇ ਲਿਆ ਕੇ ਪ੍ਰਣਾਮ ਕਰਦਾ ਹਾਂ। ਗੁਰੂ ਮਹਾਰਾਜ ਦਾ ਮਿਸ਼ਨ ਨੇਚਰ ਦੇ ਨ੍ਯੇਮਾ ਦੇ ਅਨੁਕੂਲ ਹੈ। ਦੁਨੀਆਂ ਦੀ ਕੋਈ ਵਿਰੋਧੀ ਤਾਕਤ ਇਸ ਨੂੰ ਵਧਣ ਫੁਲਣ ਦੇ ਲਈ ਰੋਕ ਨਹੀਂ ਸਕਦੀ। ਗੁਰੂ ਮਹਾਰਾਜ ਤੋਂ ਬਿਨ੍ਹਾਂ ਧਰਮ ਦੀ ਪਰਿਭਾਸ਼ਾ ਹੀ ਅਧੂਰੀ ਹੈ। ਸੁੱਖ ਅਨੁਰਾਗੀ ਮਨੁੱਖ ਨੂੰ ਸਤਿ ਅਤੇ ਸ਼ੁਭ ਅਨੁਰਾਗੀ ਦੇਵ ਆਤਮਾ ਦੀ ਪੂਜਾ ਕਰਨੀ ਪਵੇਗੀ ਅਗਰ ਉਸ ਨੇ ਧਰਮ ਪਾਉਣਾ ਹੈ। ਇਹ ਵੀ

ਨੇਚਰ ਦਾ ਅਟਲ ਨੇਮ ਹੈ। ਆਪਣੇ ਮਾਤਾ ਪਿਤਾ ਨਾਲ ਕੀਤਾ ਹੋਇਆ ਬੁਰਾ ਸਲੂਕ ਦੁੱਖ ਦਿੰਦਾ ਹੈ। ਗੁਰੂ ਮਹਾਰਾਜ ਦੀ ਰੋਸ਼ਨੀ ਵਿੱਚ ਆਪਣਾ ਰੂਪ ਮਾਤਾ ਪਿਤਾ ਦੇ ਪ੍ਰਤੀ ਅਕ੍ਰਿਤਘਨ ਨਜ਼ਰ ਆਉਂਦਾ ਹੈ। ਸ਼੍ਰੀਮਾਨ ਜੀ ਦੀ ਬੜੀ ਕ੍ਰਿਪਾ ਮਹਿਸੂਸ ਹੁੰਦੀ ਹੈ। ਉਨ੍ਹਾਂ ਦੀ ਕ੍ਰਿਪਾ ਦੁਆਰਾ ਦੇਵ ਆਤਮਾ ਦੇ ਦਰ ਦਾ ਪਤਾ ਲਗਿਆ ਹੈ। ਹੁਣ ਜੋ ਕੁਝ ਮੈ ਹਾਂ ਮਾਂ-ਬਾਪ ਤੇ ਇਸ ਸੰਗਤ ਤੇ ਕੁਝ ਹੋਰ ਉਪਕਾਰੀਆਂ ਦੀ ਕ੍ਰਿਪਾ ਦੁਆਰਾ ਹੀ ਹਾਂ। ਗੁਰੂ ਦੀ ਕ੍ਰਿਪਾ ਦੁਆਰਾ ਜ਼ਿੰਦਗੀ ਦਾ ਮਤਲਬ ਸਮਝਣ ਆਉਣ ਲਗ ਪਿਆ ਹੈ।

ਸ਼੍ਰੀਮਾਨ ਜੰਗੀਰ ਸਿੰਘ ਜੀ :- ਮੈਂ ਆਪਣੇ ਉਪਕਾਰੀ ਮਾਤਾ ਪਿਤਾ ਨੂੰ ਸਾਹਮਣੇ ਲਿਆਕੇ ਪ੍ਰਣਾਮ ਕਰਦਾ ਹਾਂ। ਉਨ੍ਹਾਂ ਦੇ ਮੇਰੇ ਉਪਰ ਬਹੁਤ ਉਪਕਾਰ ਹਨ। ਸਭਾ ਵਿੱਚ ਆਪਣੇ ਆਪ ਨੂੰ ਇੱਕ ਲਾਸ਼ ਦੇ ਰੂਪ ਵਿੱਚ ਦੇਖਦਾ ਹਾਂ। ਅੱਜੇ ਤੱਕ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਦੇ ਭਾਵ ਨਹੀਂ ਪੈਦਾ ਹੋਏ। ਪਿਤਾ ਜੀ ਨੇ ਬੜੀ ਮਿਹਨਤ ਨਾਲ 200 ਕਿਲੇ ਜਮੀਨ ਦਾ ਜੰਗਲ ਸਾਫ ਕੀਤਾ ਹੈ। ਕਮਾਲ ਦੇ ਦੁੱਖ, ਮੇਹਨਤ ਅਤੇ ਕਸ਼ਟ ਉਠਾਏ ਹਨ। ਪਿਤਾ ਜੀ ਨੇ ਅਤੇ ਦਾਦੀ ਜੀ ਨੇ ਗ੍ਰੰਥ ਸਾਹਿਬ ਦੀ ਤਰ੍ਹਾਂ ਮੈਨੂੰ ਸਿਰ ਤੇ ਉਠਾ ਕੇ ਸੇਵਾ ਕੀਤੀ ਹੈ।

ਦਾਦਾ ਜੀ ਭੀ ਬਹੁਤ ਉੱਚੇ ਇਨਸਾਨ ਸਨ। ਉਨ੍ਹਾਂ ਤੋਂ ਲੋਕ ਬਹੁਤ ਪ੍ਰਭਾਵਿਤ ਸਨ। ਉਹ ਬਹੁਤ ਪਵਿੱਤਰ ਸਨ। ਮੈਂ ਉਨ੍ਹਾਂ ਨੂੰ ਸਨਮਾਨ ਨਹੀਂ ਦੇ ਸਕਿਆ। ਦਾਦੀ ਜੀ ਨੇ ਮੇਰੀ ਬਹੁਤ ਸੇਵਾ ਕੀਤੀ। ਮਗਰ ਮੈਂ ਉਨ੍ਹਾਂ ਨੂੰ ਦੁੱਖ ਦਿੱਤਾ। ਇੱਕ ਦਿਨ ਵੀ ਨਹੀਂ ਉਨ੍ਹਾਂ ਦਾ ਕਹਿਣਾ ਮੰਨ੍ਹਿਆਂ। ਮੇਰੀ ਮਾਤਾ ਜੀ ਦੀ ਦੇਖਭਾਲ ਬਹੁਤ ਦੁੱਖ ਦਰਦ ਦੇ ਨਾਲ ਹੋਈ। ਮਾਤਾ ਜੀ ਤੋਂ ਮੈਨੂੰ ਕੁਝ ਹਮਦਰਦੀ ਦੀ ਪੂੰਜੀ ਮਿਲੀ ਹੈ। ਮੇਰੀ ਮਾਂ ਨੇ ਇੱਕ ਮਾਸੂਮ ਨਿਰਦੋਸ਼ ਬੱਚੀ ਦੀ ਰੱਖਿਆ ਤੇ ਬਲਾਤਕਾਰ ਤੋਂ ਰਖਿਆ ਕੀਤੀ ਹੈ। ਮਾਤਾ ਜੀ ਦੀਆਂ ਇਸ ਤਰ੍ਹਾਂ ਦੀਆਂ ਹੋਰ ਕਿੰਨੀਆ ਹੀ ਘਟਨਾਂਵਾਂ ਹਨ।

ਸ਼੍ਰੀਮਾਨ ਬਲਦੇਵ ਸਿੰਘ ਜੀ ਮਲ੍ਹੇਕਾ :- ਮਾਤਾ ਪਿਤਾ ਜੀ ਦੇ ਉਪਕਾਰ ਨਜ਼ਰ ਆਏ ਹਨ। ਪਿਤਾ ਜੀ ਆਜ਼ਾਦ ਹਿੰਦ ਫੋਜ ਵਿੱਚ ਸਨ। ਸੇਸ਼ਨ ਜਜ ਤੱਕ ਵੀ ਉਨ੍ਹਾਂ ਦਾ ਸਨਮਾਨ ਕਰਦੇ ਸਨ। ਇੱਕ ਜਮਾਨਤ ਦਾ ਕੇਸ ਬਣ ਗਿਆ। ਪਿਤਾ ਜੀ ਨੂੰ ਹੱਥਕੜੀ ਲੱਗ ਗਈ। ਫਿਰ ਜੱਜ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਅਤੇ ਬਹੁਤ ਸਨਮਾਨ ਦਿੱਤਾ। ਫਿਰ ਤਾਇਆ ਜੀ ਨੇ ਸੁਲਹ ਕੀਤੀ। ਉਨ੍ਹਾਂ ਨੇ ਬਹੁਤ ਮੁਸੀਬਤਾਂ ਦਾ ਸਾਮ੍ਹਣਾ ਕਰਕੇ ਪੇਟ ਪਾਲਿਆ। ਪਿਤਾ ਜੀ ਨੇ ਸਾਡੇ ਲਈ ਮਾਂ ਦੀ ਤਰ੍ਹਾਂ ਸੇਵਾ ਕੀਤੀ।

ਸ਼੍ਰੀ ਮੋਹਨ ਜੀ :- ਮੈਂ ਆਪਣੇ ਪਿਤਾ ਦਾ ਨਾਸ਼ੁਕਰਾ ਬੇਟਾ ਹਾਂ। ਮੈਂ ਆਪਣੇ ਪਿਤਾ ਜੀ ਨੂੰ ਗੰਡਾਸੀ ਮਾਰੀ। ਉਹ 15 ਦਿਨ ਦੇ ਲਈ ਚਾਰਪਾਈ ਤੇ ਪੈ ਗਏ। ਮੈਂ ਉਨ੍ਹਾਂ ਨੂੰ ਬੁਲਾਇਆ ਤੱਕ ਨਹੀਂ। ਸਤਿਗੁਰੂ ਨੇ ਮੇਰਾ ਨਾਸ਼ੁਕਰਾਪਣ ਦਿਖਾਇਆ ਹੈ। ਹੁਣ ਹਰ ਰੋਜ਼ ਪ੍ਰਣਾਮ ਕੀਤਾ ਕਰੂੰਗਾ।

ਸ਼੍ਰੀਮਾਨ ਧੀਮਾਨ ਜੀ :- ਲਗਭਗ 70 ਸਾਲਾਂ ਦਾ ਹਾਂ। ਮੈਨੂੰ ਆਪਣੀ ਇੱਕ ਘਟਨਾ ਯਾਦ ਆ ਰਹੀ ਹੈ। 1956 ਵਿੱਚ ਮੇਰੀ ਸ਼ਾਦੀ ਹੋਈ। ਪੰਜ ਸਾਲ ਦਾ ਸੀ ਮੇਰੀ ਲੱਤ ਖਰਾਬ ਹੋ ਗਈ। ਬੀਸ ਸਾਲ ਤੱਕ ਕਿਸੇ ਨੇ ਸ਼ਾਦੀ ਦੇ ਲਈ ਪੁੱਛਿਆ ਨਹੀਂ। ਫਿਰ ਪਿਤਾ ਜੀ ਨੇ ਵਿਚਾਰ ਕਰਕੇ ਫਰਵਰੀ-56 ਵਿੱਚ ਸ਼ਾਦੀ ਕੀਤੀ। ਮੇਰੀ ਪਤਨੀ ਦੇ ਪਾਸ ਪਹਿਲੇ ਇੱਕ ਬੱਚਾ ਸੀ। ਉਸ ਨੂੰ ਪਿਤਾ ਜੀ ਨੇ ਪੁੱਤਰਾਂ ਦੀ ਤਰ੍ਹਾਂ ਪਾਲਿਆ ਪੋਸਿਆ। ਘਟੀਆ ਲੋਕੀਂ ਮੈਨੂੰ ਅਪਮਾਨ ਦਾ ਸ਼ਿਕਾਰ ਬਣਾਉਂਦੇ ਹਨ। ਪਿਤਾ ਜੀ ਹੁਣ ਪਰਲੋਕ ਵਿੱਚ ਹਨ ਉਨ੍ਹਾਂ ਨੂੰ ਪੂਰਾ ਧੰਨਵਾਦ ਦੇ ਨਹੀਂ ਸਕਦਾ।

ਅਨਿਲ ਜੀ :- ਭਗਵਾਨ ਦੇਵ ਆਤਮਾ ਦੀ ਕ੍ਰਿਪਾ ਨਾਲ ਮਾਤਾ ਪਿਤਾ ਦਾ ਰੂਪ ਨਜ਼ਰ ਆਇਆ ਹੈ। ਜਿਸ ਤਰ੍ਹਾਂ ਦਾ ਬੇਟਾ ਭਗਵਾਨ ਬਣਾਉਣਾ ਚਾਹੁੰਦੇ ਹਨ ਉਸ ਤਰ੍ਹਾਂ ਦਾ ਨਹੀਂ ਹਾਂ। ਹੁਣ ਸੱਚਾ ਬੇਟਾ ਬਣਨ ਦੀ ਕੋਸ਼ਿਸ਼ ਕਰਾਂਗਾ। ਮਾਤਾ ਪਿਤਾ ਅਸਲ ਵਿੱਚ ਦੇਵੀ ਦੇਵਤਾ ਹੁੰਦੇ ਹਨ। ਮਾਤਾ ਪਿਤਾ ਮੇਹਰਬਾਨੀਆ ਦੇ ਸਾਗਰ ਹਨ। ਸਮਾਂ ਬਹੁਤ ਹੋਣ ਕਰਕੇ ਜਲਦੀ ਸਭਾ ਸਮਾਪਤ ਕਰਨੀ ਪਈ। ਜਗਦੀਸ਼ ਜੀ ਬਲਬਹਾਦਰ ਸਿੰਘ ਜੀ ਨੇ ਮਾਤਾ ਪਿਤਾ ਦੇ ਹਾਰਾਂ ਨੂੰ ਪਾ ਕੇ ਚਰਨਾਂ ਤੇ ਸਿਰ ਰੱਖ ਕੇ ਪ੍ਰਣਾਮ ਕੀਤਾ। ਧਰਤੀ ਤੇ ਸਵਰਗ ਉਤਰ ਆਇਆ। ਗੁਰੂ ਜੈ ਬੁਲਾ ਕੇ ਲੰਗਰ ਲਈ ਦਾਨ ਦੇ ਕੇ ਸਭਾ ਸਮਾਪਤ ਹੋਈ। ਸਭ ਧੰਨ ਧੰਨ ਹੋ ਕੇ ਵਿਦਾ ਹੋਏ।

(ਸੇਵਕ)

ਸ਼ੁਭ ਸੰਗ੍ਰਾਮ

6 ਫਰਵਰੀ ਦੋਪਹਿਰ ਬਾਅਦ ਸ਼੍ਰੀਮਾਨ ਬਲਦੇਵ ਸਿੰਘ ਜੀ ਤੇ ਸੁਖਦੇਵ ਜੀ ਪ੍ਰਚਾਰ ਦੇ ਲਈ ਚੰਡੀਗੜ ਤੋਂ ਰਵਾਨਾ ਹੋਏ। ਸੁਖਦੇਵ ਸਿੰਘ ਜੀ ਵਿਕਾਸਾਰਥੀ ਡੱਬਵਾਲੀ ਨੂੰ ਚਲੇ ਗਏ ਤਾਂ ਜੋ ਮੰਦਿਰ ਦੀ ਸਫਾਈ ਆਦਿ ਕਰਨ ਤੋਂ ਇਲਾਵਾ ਸਤਿਸੰਗ ਸਬੰਧੀ ਸੂਚਨਾ ਪਹੁੰਚਾਉਣ ਦੇ ਲਈ ਜੋ ਇਸ਼ਤਿਹਾਰ ਛਾਪੇ ਗਏ ਹਨ ਉਨ੍ਹਾਂ ਨੂੰ ਵੀ ਲੋਕਾਂ ਵਿਚ ਵੰਡ ਸਕਣ।

ਸ਼੍ਰੀਮਾਨ ਬਲਦੇਵ ਸਿੰਘ ਜੀ ਪਹਿਲਾਂ ਲੁਧਿਆਣੇ ਪਹੁੰਚੇ। ਉੱਥੇ ਸ਼੍ਰੀਮਾਨ ਜਗਜੀਤ ਸਿੰਘ ਜੀ ਨੂੰ ਮਿਲੇ। ਉਨ੍ਹਾਂ ਨੂੰ ਕਲਿਆਣ ਸਤਿਸੰਗ ਦਾ ਪਤਾ ਦਿਤਾ। ਫਿਰ ਉਥੋਂ ਮੋਗਾ ਪਹੁੰਚੇ।

ਮੋਗਾ :- ਉੱਥੇ ਸ਼੍ਰੀਮਾਨ ਅਵਤਾਰ ਸਿੰਘ ਜੀ ਦੇ ਕੋਲ ਠਹਿਰ ਕੇ ਰਾਤ ਨੂੰ ਇਕ ਸਭਾ ਕੀਤੀ। ਉੱਥੇ ਸ਼੍ਰੀਮਾਨ ਸ਼ਾਦੀ ਲਾਲ ਜੀ ਦੀ ਧਰਮ ਪਤਨੀ ਜੀ ਦੀ ਸਿਹਤ ਬਾਰੇ ਪਤਾ ਕੀਤਾ। ਰਾਤ ਦੀ ਸਭਾ ਵਿੱਚ 9-10 ਜਨ ਆਕੇ ਸ਼ਾਮਿਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਨੂੰ ਉਸਦੀਆਂ ਸ਼ਕਤੀਆਂ ਚਲਾਉਂਦੀਆਂ ਹਨ। ਮਨੁੱਖ ਉਨ੍ਹਾਂ ਤੋਂ ਅਗਿਆਨੀ ਹੈ। ਇਸ ਲਈ ਉਹ ਮਹਾਂ ਹਾਨੀ ਉਠਾ ਰਿਹਾ ਹੈ ਤੇ ਦੁੱਖੀ ਹੋ ਰਿਹਾ ਹੈ।

ਦੇਵ ਆਤਮਾ ਮਨੁੱਖ ਨੂੰ ਉਸਦੀਆਂ ਪਰਿਚਾਲਿਤ ਸ਼ਕਤੀਆਂ ਦਾ ਗਿਆਨ ਦਿੰਦੇ ਹਨ ਅਤੇ ਨੀਚ ਸ਼ਕਤੀਆਂ ਤੋਂ ਅਧਿਕਾਰੀ ਇਨਸਾਨਾਂ ਨੂੰ ਮੋਕਸ਼ ਦਿੰਦੇ ਹਨ। ਸਾਰੇ ਪਰਿਵਾਰ ਨੂੰ ਕਲਿਆਣ ਸਤਿਸੰਗ ਦੇ ਲਈ ਸੱਦਾ ਦਿੱਤਾ। ਅਗਲੇ ਦਿਨ ਦੋਪਹਿਰ ਨੂੰ ਸ਼੍ਰੀਮਾਨ ਜੀ ਅੱਗੇ ਚਲੇ ਗਏ।

ਦਾਰਾਪੁਰਾ :- ਇਥੇ ਪਹੁੰਚ ਕੇ ਸ਼੍ਰੀਮਾਨ ਜੀ, ਸ਼੍ਰੀਮਾਨ ਜੈ ਸਿੰਘ ਜੀ ਨੂੰ ਮਿਲੇ। ਜੈ ਸਿੰਘ ਜੀ ਨੇ ਸ਼੍ਰੀਮਾਨ ਜੀ ਨੂੰ ਦੇਖ ਕੇ ਬਹੁਤ ਖੁਸ਼ੀ ਪ੍ਰਾਪਤ ਕੀਤੀ, ਅਤੇ ਉਨ੍ਹਾਂ ਨੂੰ ਵੀ ਕਲਿਆਣ ਸਤਿਸੰਗ ਦਾ ਪਤਾ ਦਿੱਤਾ।

ਫਰੀਦਕੋਟ :- ਇਥੇ ਪਹੁੰਚ ਕੇ ਸ਼੍ਰੀਮਾਨ ਜੀ ਪੁਰਾਨੇ ਧਰਮ ਸਬੰਧੀ ਸ਼੍ਰੀਮਾਨ ਐਸ. ਐਨ. ਬਾਲੀ ਜੀ ਨੂੰ ਮਿਲੇ ਅਤੇ ਉਨ੍ਹਾਂ ਨਾਲ ਹਿੱਤਕਰ ਬਾਤਚੀਤ ਕਰਦੇ ਰਹੇ। ਉਨ੍ਹਾਂ ਦੀ ਧਰਮ ਪਤਨੀ ਜੀ ਅਤੇ ਉਨ੍ਹਾਂ ਦੀ ਬੱਚੀ ਮਾਟੀ ਜੀ ਨੂੰ ਵੀ ਮਿਲੇ। ਇਥੋਂ ਚਲ ਕੇ ਸ਼ਾਮ ਤੱਕ ਸ਼੍ਰੀਮਾਨ ਜੀ ਮੰਡੀ ਡਬਵਾਲੀ ਪਹੁੰਚ ਗਏ।

ਡੱਬਵਾਲੀ :- ਇੱਥੇ ਪਹੁੰਚ ਕੇ ਸ਼੍ਰੀਮਾਨ ਸੁਖਦੇਵ ਜੀ ਨੇ ਸਭਾ ਦੀ ਤਿਆਰੀ ਕੀਤੀ ਹੋਈ ਸੀ ਅਤੇ ਲੋਕਾਂ ਨੂੰ ਇਸ਼ਤਿਹਾਰਾਂ ਰਾਹੀ ਸੂਚਿਤ ਕੀਤਾ ਹੋਇਆ ਸੀ। ਸ਼ਾਮ ਨੂੰ 5:30 ਵਜੇ ਇੱਕ ਸਭਾ ਕੀਤੀ ਗਈ। ਪਹਿਲਾਂ "ਬਚਾਨਾ ਮਰਤੀ ਰੂਹੋਂ ਕੋ, ਮਿਸ਼ਨ ਅਪਣਾ ਬਣਾਇਆ ਹੈ" ਵਾਲਾ ਭਜਨ ਗਾਇਆ ਗਿਆ। ਫਿਰ ਦੱਸਿਆ ਗਿਆ ਕਿ ਆਤਮਾ ਦੇ ਸਬੰਧ ਵਿਚ ਮਨੁੱਖ ਨੂੰ ਅੰਧੇਰਾ ਹੈ।

ਆਤਮਾਵਾਂ ਹਾਨੀਂ ਉਠਾ ਰਹੀਆਂ ਹਨ ਅਤੇ ਮਰ ਰਹੀਆਂ ਹਨ। ਮਗਰ ਧਰਮਾਂ ਵਾਲਿਆ ਨੂੰ ਵੀ ਇਸ ਦਾ ਪਤਾ ਨਹੀਂ ਹੈ। ਆਤਮਾ ਨੂੰ ਮਾਰਨ ਵਾਲੀਆਂ ਮਿੱਥਿਆ ਅਤੇ ਪਾਪ ਦੀਆਂ ਗਤੀਆਂ ਹਨ। ਮਨੁੱਖ ਦੇ ਅੰਦਰ ਦੀਆਂ ਸ਼ਕਤੀਆਂ ਮਿੱਥਿਆ ਅਤੇ ਪਾਪ ਕਰਵਾਉਂਦੀਆਂ ਹਨ ਅਤੇ ਆਤਮਾ ਦਾ ਨਾਸ਼ ਕਰਦੀਆਂ ਹਨ। ਗੁਰੂ ਮਹਾਰਾਜ ਪਹਿਲਾਂ ਅੱਠ ਪਾਪ ਛੁਡਵਾਉਂਦੇ ਹਨ ਜਿਸ ਨਾਲ ਮੋਟੀਆਂ ਮੋਟੀਆਂ ਪਾਪ ਦੀਆਂ ਗਤੀਆਂ ਬੰਦ ਹੋ ਜਾਂਦੀਆਂ ਹਨ। ਫਿਰ ਲੋਕਾਂ ਨੂੰ ਨੀਚ ਗਤੀਆ ਦਾ, ਨੀਚ ਭਾਵਾਂ ਦਾ ਅਤੇ ਆਤਮਾ ਦੇ ਨਾਸ਼ ਦਾ ਗਿਆਨ ਦਿੰਦੇ ਹਨ। ਮਨੁੱਖ ਨੂੰ ਆਪਣੀ ਸਾਰ ਵਸਤੂ ਆਤਮਾ ਨੂੰ ਮਰਨ ਤੋਂ ਬਚਾਉਣ ਦੇ ਲਈ ਫਿਕਰ ਪੈਦਾ ਕਰਨ ਦੀ ਜ਼ਰੂਰਤ ਹੈ। ਅਸੀਂ ਸਾਰੇ ਇਸ ਪਾਸੇ ਜ਼ਿਆਦਾ ਤੋਂ ਜ਼ਿਆਦਾ ਆਪਣਾ ਧਿਆਨ ਲੈ ਜਾ ਸਕੀਏ।

8-2-04 ਸਵੇਰੇ 9:30 ਵਜੇ ਇੱਕ ਸਭਾ ਕੀਤੀ ਗਈ। ਇਸ ਵਿੱਚ ਕੁਲ 13-14 ਜਨ ਆ ਕੇ ਸ਼ਾਮਿਲ ਹੋਏ। ਮਨੁੱਖ ਨੂੰ ਵਸਤੂਆਂ, ਜੀਵਾਂ, ਪੌਦਿਆਂ ਅਤੇ ਪਸ਼ੂਆਂ ਨੂੰ ਸੁਧਾਰਣ ਦਾ ਤਾਂ ਫਿਕਰ ਹੈ ਮਗਰ ਇਨਸਾਨ ਨੂੰ ਸੁਧਾਰਣ ਦਾ ਕੋਈ ਪ੍ਰਾਵਧਾਨ ਨਹੀਂ। ਧਰਮ ਵੀ ਆਪਣੇ -ਆਪਣੇ ਧਰਮ ਸਿਖਾਉਂਦੇ ਹਨ, ਮਗਰ ਇਨਸਾਨ ਨਹੀਂ ਸੰਵਾਰਦੇ। ਇਨਸਾਨ ਕਿਉਂ ਵਿਗੜਿਆ ਹੋਇਆ ਹੈ। ਉਸਦਾ ਵੀ ਗਿਆਨ ਨਹੀਂ। ਨੀਚ ਸੁੱਖ ਇਨਸਾਨ ਨੂੰ ਵਿਗਾੜਦੇ ਹਨ। ਸਾਰੀ ਬੁਰਾਈ ਉਸ ਤੋਂ ਪੈਦਾ ਹੁੰਦੀ ਹੈ। ਉਨ੍ਹਾਂ ਨੀਚ ਸੁੱਖ ਲਾਲਸਾਵਾਂ ਨੂੰ ਜਾਣੇ ਬਿਨ੍ਹਾਂ

ਇਨਸਾਨ ਬੁਰਾਈ ਤੋਂ ਨਹੀਂ ਬਚ ਸਕਦਾ ਅਤੇ ਭਲਾ ਨਹੀਂ ਬਣ ਸਕਦਾ। ਦੇਵ ਆਤਮਾ ਮਨੁੱਖ ਨੂੰ ਨੀਚ ਸੁੱਖ ਦਿਖਾਉਂਦੇ ਹਨ ਅਤੇ ਉਸ ਤੋਂ ਨਿਕਾਲਣ ਦਾ ਕੰਮ ਕਰਦੇ ਹਨ। ਹਿਰਦੇ ਸ਼ਪਰਸੀ ਉੱਚ ਪਰਿਵਰਤਨ ਦੱਸੇ ਗਏ ਅਤੇ ਹਾਜਰੀਨ ਪ੍ਰਭਾਵਿਤ ਹੋਏ। ਇੱਕ ਜਨ ਆਪਣੇ ਆਪ ਆਪਣੇ ਪਰਿਵਾਰ ਦੇ ਨਾਲ ਕਈ ਹੋਰ ਇਸਤਰੀਆਂ ਨੂੰ ਵੀ ਲੈ ਕੇ ਆਏ। ਇਸ ਤਰ੍ਹਾਂ ਇਥੇ ਸੰਗਰਾਮ ਕਿਸੇ ਅੰਸ਼ ਸਫਲ ਰਿਹਾ। ਇਸ ਤੋਂ ਬਾਅਦ ਇਹ ਪਾਰਟੀ 11:30 ਵਜੇ ਉਥੋਂ ਚਲ ਕੇ 2:30 ਵਜੇ ਪਦਮਪੁਰ ਪਹੁੰਚ ਗਈ।

ਪਦਮਪੁਰ :– ਇੱਥੇ ਰਾਤ ਨੂੰ 8:00 ਵਜੇ ਸਭਾ ਰਖੀ ਗਈ। 35–36 ਦੇ ਕਰੀਬ ਇਸਤਰੀ ਪੁਰਸ਼ ਆ ਕੇ ਸ਼ਾਮਿਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਇਨਸਾਨ ਪਸ਼ੂਆਂ ਤੋਂ ਆਇਆ ਹੈ ਅਤੇ ਅਜੇ ਵੀ ਪਸ਼ੂਆਂ ਦੇ ਕਰੀਬ ਹੈ। ਪਸ਼ੂ ਆਪਣਾ ਜਿਸਮ ਤੱਕ ਵੀ ਨਹੀਂ ਜਾਣਦੇ। ਰੋਗਾਂ ਦਾ ਗਿਆਨ ਤਾਂ ਕੀ ਹੋ ਸਕਦਾ ਹੈ। ਮਨੁੱਖ ਤਾਂ ਜ਼ਿਆਦਾ ਤੌਰ ਤੇ ਆਪਣੇ ਸਰੀਰ ਦੇ ਭਲੇ ਬੁਰੇ, ਠੀਕ ਖਾਣ–ਪੀਣ, ਕਸਰਤ ਆਦਿ ਦੇ ਸਬੰਧ ਵਿੱਚ ਵੀ ਅਬੋਧੀ ਹੈ। ਥੋੜੇ ਹੀ ਮਨੁੱਖ ਆਪਣੇ ਸਰੀਰ ਸਬੰਧੀ ਕੁਝ ਬੋਧ ਰਖਦੇ ਹਨ। ਮਾਨਸਿਕ ਵਿਕਾਸ ਦੇ ਸਬੰਧ ਵਿੱਚ ਵੀ ਬਹੁਤ ਥੋੜੇ ਲੋਕਾਂ ਨੂੰ ਛੱਡ ਕੇ ਮਨੁੱਖ ਮਹਾਂ ਅਬੋਧੀ ਹਨ।

ਮਨੁੱਖ ਆਪਣੀ ਮੁੱਖ ਅਤੇ ਸਾਰ ਹਸਤੀ ਆਤਮਾ ਦੇ ਸਬੰਧ ਵਿੱਚ ਮਹਾਂ–ਬੇਸੁਧ, ਮੱਦਹੋਸ਼ ਅਤੇ ਮਹਾਂ ਅਬੋਧੀ ਹੈ। ਇਸ ਦੇ ਲਾਭ ਹਾਨੀ ਦਾ ਤਾ ਇਸਨੂੰ ਕੀ ਪਤਾ ਹੋਣਾ ਸੀ। ਦੇਵ ਆਤਮਾ ਮਨੁੱਖ ਨੂੰ ਆਪਣੀ ਅਦੁੱਤੀ ਜੋਤੀ ਦੁਆਰਾ ਆਤਮਾ ਦੀ ਹੋਸ਼ ਦਿੰਦੇ ਹਨ। ਆਤਮਾਵਾਂ ਮਰ ਰਹੀਆਂ ਹਨ। ਉਨ੍ਹਾਂ ਨੂੰ ਬਚਾਉਂਦੇਹਨ। ਇਹ ਸਭਾ 9:45 ਤੱਕ ਜਾਰੀ ਰਹੀ ਅਤੇ ਕਿਸੇ ਅੰਸ਼ ਹਿਤਕਰ ਰਹੀ।

9–2–2004 ਦੀ ਸਵੇਰ 8:15 ਇਕ ਸਭਾ ਕੀਤੀ ਗਈ। ਇਸ ਵਿੱਚ 30 ਤੋਂ ਉਪਰ ਜਨ ਆ ਕੇ ਸ਼ਾਮਿਲ ਹੋਏ। ਰਾਤ ਦੀ ਸਭਾ ਵਿੱਚ ਹੀ ਗਜ ਸਿੰਘ ਪੁਰਾ ਤੋਂ 7 ਆਦਮੀ ਆ ਕੇ ਸ਼ਮਿਲ ਹੋਏ। ਇਸ ਸਭਾ ਵਿਚ ਦੱਸਿਆ ਗਿਆ ਕਿ ਮਨੁੱਖ ਦੁੱਖ ਨੂੰ ਜਾਣਦਾ ਹੈ। ਆਪਣੀ ਹਾਨੀ ਦੇਖ ਨਹੀਂ ਸਕਦਾ। ਮਨੁੰਖ ਨੂੰ ਜੀਵਨ ਜਾਂ ਆਤਮਾ ਦੀ ਹਾਨੀ ਬਿਲਕੁਲ ਵੀ ਪਤਾ ਨਹੀਂ ਹੈ। ਬਾਹਰ ਤੋਂ ਚੰਗੇ ਕੰਮ ਕਰਕੇ ਵੀ ਉਹ ਹਾਨੀ ਉਠਾਉਂਦਾ ਹੈ। ਆਪਣੇ ਆਪ ਇਹ ਹਾਨੀ ਮਨੁੱਖ ਦੇਖਣ ਦੇ ਯੋਗ ਨਹੀਂ। ਦੇਵ ਆਤਮਾ ਦੀ ਜੋਤੀ ਵਿੱਚ ਉਹ ਹਾਨੀ ਨਜ਼ਰ ਆਉਂਦੀ ਹੈ ਅਤੇ ਉਸ ਤੋਂ ਬਚਣ ਦਾ ਫਿਕਰ ਪੈਦਾ ਹੁੰਦਾ ਹੈ। ਕਈ ਜਨ੍ਹਾਂ ਨੇ ਸਭਾ ਦੇ ਵਿੱਚ ਖੁੱਲ ਕੇ ਪ੍ਰਸ਼ਨ ਕੀਤੇ ਅਤੇ ਉਸਦਾ ਸਹੀ ਜਵਾਬ ਪਾ ਕੇ ਤਸੱਲੀ ਪ੍ਰਾਪਤ ਕੀਤੀ। ਕੁਝ ਜਨ ਚੰਗੇ ਪ੍ਰਭਾਵਿਤ ਹੋਏ। ਸਾਰੇ ਲੋਕਾਂ ਨੂੰ ਕਲਿਆਣ ਸਤਿਸੰਗ ਦਾ ਪਤਾ ਦਿਤਾ ਗਿਆ। ਕੁਝ ਜਨ੍ਹਾਂ ਨੇ ਉਥੇ ਪਹੁੰਚਨ ਦਾ ਉਤਸਾਹ ਵੀ ਦਿਖਾਇਆ। ਇਸ ਤੋਂ ਬਾਅਦ ਇਹ ਪਾਰਟੀ ਥਰਾਜਵਾਲਾ ਦੇ ਲਈ ਰਵਾਨਾ ਹੋ ਗਈ।

ਥਰਾਜਵਾਲਾ :– ਰਾਤ ਨੂੰ 8:00 ਵਜੇ ਸ਼੍ਰੀਮਾਨ ਬਲਦੇਵ ਸਿੰਘ ਦੇ ਪਰਿਵਾਰ ਨੂੰ ਲੈ ਕੇ ਇੱਕ ਸਭਾ ਕੀਤੀ ਗਈ। ਇਸ ਵਿੱਚ 12–13 ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਜਿਸ ਤਰ੍ਹਾਂ ਲਕਸ਼ਮਣ ਰੇਖਾ ਦੇ ਅੰਦਰ ਰਹਿਣ ਵਿੱਚ ਹੀ ਸੀਤਾ ਜੀ ਦੀ ਭਲਾਈ ਸੀ। ਉਸ ਤਰ੍ਹਾਂ ਗੁਰੂ ਮਹਾਰਾਜ ਨੇ ਸਾਡੇ ਮਨੁੱਖਾਂ ਨੂੰ ਬਚਾਉਣ ਦੇ ਲਈ ਜੀਵਨ ਰੇਖਾਵਾਂ ਖਿੱਚੀਆਂ ਹਨ। ਜੋ ਜਨ ਇਨ੍ਹਾਂ ਰੇਖਾਂਵਾਂ ਤੋਂ ਬਾਹਰ ਜਾਂਦਾ ਹੈ ਉਸਦੀ ਬਰਬਾਦੀ ਹੁੰਦੀ ਹੈ। ਪਾਪਾਚਾਰ ਸਬੰਧੀ ਅੱਠ ਰੇਖਾਂਵਾਂ ਦਾ ਜ਼ਿਕਰ ਕੀਤਾ ਗਿਆ। ਹਰ ਤਰ੍ਹਾਂ ਦੇ ਨਸ਼ੇ ਨਾ ਲੈਣਾ, ਨਾ ਦੇਣਾ ਤੇ ਨਾਂ ਹੀ ਇਸ ਵਿੱਚ ਕਿਸੇ ਦੀ ਸਹਾਇਤਾ ਕਰਨਾ। ਮਾਸ ਤੇ ਅੰਡਾ ਨਾ ਖੁਦ ਖਾਣਾ, ਨਾ ਕਿਸੇ ਨੂੰ ਖਿਲਾਉਣ ਤੇ ਨਾਂ ਹੀ ਇਸ ਪੱਖ ਵਿੱਚ ਕਿਸੇ ਦੀ ਮਦਦ ਕਰਨਾ। ਚੋਰੀ, ਜੂਆ ਰਿਸ਼ਵਤ, ਇਮਾਨਤ ਵਿੱਚ ਖ਼ਿਆਨਤ, ਬਦਚਲਨੀ ਤੇ ਜੀਵ ਹੱਤਿਆ ਸਬੰਧੀ ਪਾਪ ਨਾ ਕਰਨਾ। ਜਿਨ੍ਹਾਂ ਨੇ ਇਨ੍ਹਾਂ ਜੀਵਨ ਰੇਖਾਵਾਂ ਨੂੰ ਪਾਰ ਕੀਤਾ ਹੈ ਉਨ੍ਹਾਂ ਨੇ ਭਿਆਨਕ ਹਾਨੀਆਂ ਉਠਾਈਆਂ ਹਨ। ਉਦਾਹਰਣਾਂ ਸਹਿਤ ਇਸ ਸਚਾਈ ਨੂੰ ਪੇਸ਼ ਕੀਤਾ ਗਿਆ। ਮਿੱਥਿਆਚਾਰ ਸਬੰਧੀ ਜੋ ਰੇਖਾਵਾਂ ਭਗਵਾਨ ਦੇਵ ਆਤਮਾ ਨੇ ਖਿੱਚੀਆਂ ਹਨ ਉਨ੍ਹਾਂ ਦਾ ਬਿਆਨ ਕੀਤਾ ਗਿਆ। ਉਨ੍ਹਾਂ ਰੇਖਾਂਵਾਂ ਦੇ ਅੰਦਰ ਰਹਿ ਕੇ ਸੁਖੀ ਅਤੇ ਆਲਾ ਜੀਵਨ ਜਿਉਣ ਵਾਲੇ ਆਤਮਾਵਾਂ ਦਾ ਜ਼ਿਕਰ ਕੀਤਾ ਗਿਆ। ਗੁਰੂ ਮਹਾਰਾਜ ਸਾਨੂੰ ਇਨ੍ਹਾਂ ਰੇਖਾਂਵਾਂ ਦੇ ਅੰਦਰ ਰਹਿਣ ਦੇ ਲਈ ਬਲ ਦਿੰਦੇ ਹਨ। ਇਸ ਤੋਂ ਬਾਅਦ ਹਾਜਰੀਨ ਨੂੰ ਕਲਿਆਣ ਸਤਿਸੰਗ ਤੇ ਆਉਣ ਲਈ ਪੁਰਜ਼ੋਰ ਅਪੀਲ ਕੀਤੀ ਗਈ।

10–2–2004 ਸਵੇਰ 10 ਵਜੇ ਦੇ ਕਰੀਬ ਇੱਕ ਸਭਾ ਕੀਤੀ ਗਈ। ਇਹ ਸਭਾ ਸ਼੍ਰੀਮਾਨ ਬਲਵੰਤ ਸਿੰਘ ਜੀ ਦੇ ਘਰ ਕੀਤੀ ਗਈ। 12–13 ਇਸਤਰੀ ਪੁਰਸ਼

ਆਕੇ ਸ਼ਾਮਿਲ ਹੋਏ। ਇਸ ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਦੀ ਪ੍ਰਕਿਤੀ ਉਨ੍ਹਾਂ ਚੂਹਿਆਂ ਦੀ ਤਰ੍ਹਾਂ ਹੈ ਜੋ ਪਿੰਜਰੇ ਵਿਚ ਬੰਦ ਚੂਹਿਆਂ ਦੇ ਆਪਣੇ ਬਾਹਰ ਦੇ ਸਾਥੀਆਂ ਨੂੰ ਸਮਝਾਉਣ ਨਾਲ ਵੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਮਨੁੱਖ ਇਸ ਸਚਾਈ ਨੂੰ ਦੇਖ ਕੇ ਵੀ ਨਹੀਂ ਸਮਝਦੇ ਕਿ ਜੋ ਜਨ ਦੇਵ ਆਤਮਾ ਦੇ ਜਿੰਨਾ ਨੇੜੇ ਹੁੰਦਾ ਹੈ ਉਹ ਹਰ ਪੱਖ ਦੇ ਲਿਹਾਜ ਨਾਲ ਬਰਕਤਾਂ ਨਾਲ ਲੱਦਿਆ ਜਾਂਦਾ ਹੈ। ਉਨਾਂ ਜਨ੍ਹਾਂ ਦੇ ਉਦਾਹਰਣ ਦੱਸੇ ਗਏ ਜੋ ਜਨ ਦੇਵ ਆਤਮਾ ਤੋਂ ਦੂਰ ਹੋਣ ਨਾਲ ਪਤਿਤ ਜਿੰਦਗੀ ਵਤੀਤ ਕਰਕੇ ਜਲਦੀ ਹੀ ਦੁੱਖ ਭੋਗ ਕੇ ਇਸ ਦੁਨੀਆਂ ਤੋਂ ਚਲੇ ਗਏ। ਫਿਰ ਉਨ੍ਹਾਂ ਜਨ੍ਹਾਂ ਦੇ ਉਦਾਹਰਣ ਦੱਸੇ ਗਏ ਜੋ ਦੇਵ ਆਤਮਾ ਦੇ ਨਾਲ ਜੁੜ ਕੇ ਅਣਗਿਣਤ ਬਰਕਤਾਂ ਦੇ ਭਾਗੀ ਬਣ ਗਏ। ਦੇਵ ਆਤਮਾ ਅਤੇ ਉਨ੍ਹਾਂ ਦੀ ਪੈਦਾ ਕੀਤੀ ਸੰਗਤ ਨਾਲ ਜੋ ਜਨ ਜਿੰਨ੍ਹਾਂ ਨੇੜੇ ਹੁੰਦੇ ਹਨ ਉਨ੍ਹਾਂ ਲਈ ਉੱਚ ਜੀਵਨ ਦੀਆਂ ਬਰਕਤਾਂ ਦੇ ਦੁਆਰ ਖੁੱਲ ਜਾਂਦੇ ਹਨ।

ਦੋਪਹਿਰ ਬਾਅਦ 3 ਵਜੇ ਇਹ ਸਭਾ ਕੀਤੀ ਗਈ। ਇਹ ਸਭਾ ਸ਼੍ਰੀਮਾਨ ਬਲਦੇਵ ਸਿੰਘ ਜੀ ਦੇ ਘਰ ਕੀਤੀ ਗਈ। ਇਸ ਵਿੱਚ 15 ਦੇ ਕਰੀਬ ਜਨ ਆਕੇ ਸ਼ਾਮਿਲ ਹੋਏ। "ਧਰਮ ਪਾਏ ਬਿਨਾਂ ਜੀਨਾਂ ਜਨਮ ਆਪਣਾ ਇਹ ਹੈ ਖੋਣਾ" ਵਾਲਾ ਭਜਨ ਗਾਇਆ ਗਿਆ। ਇਸ ਸਭਾ ਵਿੱਚ ਦਰਸਾਇਆ ਗਿਆ ਕਿ ਧਰਮ ਪਾਉਣਾ ਚਾਹੀਦਾ ਹੈ। ਪਰੰਤੂ ਧਰਮ ਕੀ ਹੈ? ਨਾ ਤਾਂ ਇਹ ਪਤਾ ਹੈ ਅਤੇ ਨਾਂ ਹੀ ਅਸੀਂ ਜਾਣਨਾ ਚਾਹੁੰਦੇ ਹਨ। ਅਸੀਂ ਆਪਣੇ ਨੀਚ ਭਾਵਾਂ ਦੀ ਤ੍ਰਿਪਤੀ ਵਿੱਚ ਇੰਨੇ ਰੱਤ ਰਹਿੰਦੇ ਹਾਂ ਕਿ ਧਰਮ ਪਾਉਣ ਦੇ ਲਈ ਸਾਡੇ ਕੋਲ ਸਮਾਂ ਹੀ ਨਹੀਂ ਹੁੰਦਾ। ਇਸ ਤਰਫ ਸਾਡਾ ਧਿਆਨ ਹੀ ਨਹੀਂ ਜਾਂਦਾ। ਉਦਾਹਰਣ ਸਹਿਤ ਇਸ ਸਚਾਈ ਦਾ ਬਿਆਨ ਕੀਤਾ ਗਿਆ। ਇਸ ਤੋਂ ਬਾਅਦ ਦਸਿਆ ਗਿਆ ਕਿ ਮਨੁੱਖ ਕਿਸ ਤਰ੍ਹਾਂ ਦੂਜਿਆਂ ਦੇ ਹੱਕ ਮਾਰਦਾ ਹੈ। ਆਪਣੇ ਨੀਚ ਭਾਵਾਂ ਦੀ ਤ੍ਰਿਪਤੀ ਵਿੱਚ ਮਨੁੱਖ ਦੂਜਿਆਂ ਦੀ ਜਾਨ ਭੀ ਲੈ ਲੈਂਦਾ ਹੈ। ਦੂਜਿਆਂ ਦੀ ਸੇਵਾ ਬਿਨਾਂ ਸਾਡਾ ਜੀਵਨ ਨਹੀਂ ਬਣਦਾ।

ਧਰਮਵਾਨ ਬਣਨ ਦੇ ਲਈ ਪਾਪਾਚਾਰ ਤੋਂ ਉਪਰ ਹੋਣਾ ਪਵੇਗਾ। ਦੂਜਿਆਂ ਦੀ ਮਹਾਨਤਾ ਦੇ ਅੱਗੇ ਝੁਕਣਾ ਪਵੇਗਾ। ਸੱਚੀ ਦੀਨਤਾ ਆਉਣੀ ਚਾਹੀਦੀ ਹੈ। ਉਪਕਾਰੀਆਂ ਨੇ ਸਾਡੇ ਵਾਸਤੇ ਕੀ ਕੀਤਾ ਹੈ ਅਤੇ ਉਨ੍ਹਾਂ ਨੂੰ ਸਾਮਣੇ ਲਿਆ ਕੇ ਸੇਵਾਕਾਰੀ ਹੋਣਾ ਚਾਹੀਦਾ ਹੈ। ਸਾਡੇ ਅੰਦਰੋਂ ਦੂਜਿਆਂ ਦੇ ਵਾਸਤੇ ਸੇਵਾ ਨਿਕਲਣੀ ਚਾਹੀਦੀ ਹੈ। ਇਹ ਸਭਾ ਬਹੁਤ ਪ੍ਰਭਾਵਸ਼ਾਲੀ ਰਹੀ। ਇਸ ਤੋਂ ਬਾਅਦ ਇਹ ਪਾਰਟੀ ਗੋਨਿਆਣਾ ਮੰਡੀ ਦੇ ਲਈ ਰਵਾਨਾ ਹੋ ਗਈ।

ਗੋਨਿਆਣਾ ਮੰਡੀ :- 10-2-2004 ਰਾਤ ਨੂੰ 8 ਵਜੇ ਇੱਕ ਸਭਾ ਕੀਤੀ ਗਈ। ਸਭਾ ਤੋਂ ਪਹਿਲਾਂ ਲਗਭਗ ਸਾਰੇ ਧਰਮ ਸਬਧੀਆਂ ਨੂੰ ਪਤਾ ਦਿਤਾ ਗਿਆ। ਇਸ ਵਿੱਚ 20 ਦੇ ਕਰੀਬ ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਮਨੁੱਖ ਸੁੱਖ ਚਾਹੁੰਦਾ ਹੈ ਅਤੇ ਦੁੱਖ ਤੋਂ ਘ੍ਰਿਣਾਂ ਕਰਦਾ ਹੈ। ਇਸ ਸੁੱਖ ਦੀ ਚਾਹਤ ਵਿੱਚ ਹੀ ਮਨੁੱਖ ਪਾਪਾਚਾਰੀ ਬਣਦਾ ਹੈ। ਸੁੱਖਾਂ ਦੇ ਪਿੱਛੇ ਭਜਦਾ ਭਜਦਾ ਦੁੱਖਾਂ ਵਿੱਚ ਫੰਸ ਜਾਂਦਾ ਹੈ। ਕਿੰਨੇ ਹੀ ਜਨ ਧਨ ਗਲਤ ਤਰੀਕੇ ਨਾਲ ਕਮਾ ਕੇ ਭਿਆਨਕ ਦੁਖਾਂ ਦੇ ਭਾਗੀ ਬਣ ਜਾਂਦੇ ਹਨ। ਇੱਕ ਇੱਕ ਨਸ਼ਾ ਖਾਣ ਵਾਲਾ ਜਨ ਨਸ਼ਿਆ ਦੇ ਸੁੱਖਾਂ ਵਿੱਚ ਇੰਨਾ ਲੀਨ ਹੋ ਜਾਂਦਾ ਹੈ ਕਿ ਨੀਚ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ। ਉੱਚ ਸੁੱਖ ਉੱਚ ਭਾਂਵਾਂ ਤੋਂ ਪੈਦਾ ਹੁੰਦੇ ਹਨ। ਇਮਾਨਦਾਰੀ, ਪਵਿਤਰਤਾ, ਸ਼ਰਧਾ, ਸ਼ੁਕਰਗੁਜਾਰੀ, ਹਮਦਰਦੀ ਆਦਿ ਉੱਚ ਭਾਂਵਾਂ ਦੁਆਰਾ ਉੱਚ ਖੁਸ਼ੀਆ ਦੀ ਕੋਈ ਹੱਦ ਨਹੀਂ ਰਹਿੰਦੀ। ਉਦਾਹਰਣਾਂ ਰਾਹੀ ਇਸ ਸਚਾਈ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ।

11-2-2004 ਨੂੰ 8:00 ਵਜੇ ਤੋਂ ਬਾਅਦ ਇੱਕ ਸਭਾ ਕੀਤੀ ਗਈ। "ਪਾਉਂ ਮੈ ਧਰਮ ਕਾ ਜੀਵਨ ਯਹੀ ਹੋ ਕਾਮਨਾ ਮੇਰੀ" ਭਜਨ ਦਾ ਗਾਣ ਕੀਤਾ ਗਿਆ। ਇਸ ਵਿੱਚ 15 ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਮਨੁੱਖ ਦੁੱਖਾਂ ਨੂੰ ਘ੍ਰਿਨਾ ਕਰਦਾ ਹੈ। ਪਰੰਤੂ ਖਾਸਕਰ ਆਪਣੀ ਨੀਚ ਸੁੱਖ ਅਨੁਰਾਗੀ ਪ੍ਰਕ੍ਰਿਤੀ ਦੇ ਕਾਰਨ ਦੁੱਖਾਂ ਵਿੱਚ ਫਸੱਦਾ ਹੈ। ਮਨੁੱਖ ਨੂੰ ਆਪਣੇ ਸਰੀਰ ਦਾ ਬੋਧ ਵੀ ਨਹੀਂ ਹੈ। ਆਪਣੇਂ ਨੀਚ ਭਾਵਾਂ ਦੇ ਕਾਰਨ ਮਨੁੱਖ ਆਪਣੇਂ ਸਰੀਰ ਦਾ ਨੁਕਸਾਨ ਕਰਦਾ ਹੈ। ਸਵਾਦ ਅਨੁਰਾਗ, ਨਸ਼ਾ ਅਨੁਰਾਗ, ਕਾਮ ਅਨੁਰਾਗ ਅਤੇ ਆਲਸ ਅਨੁਰਾਗ ਦੇ ਕਾਰਨ ਆਪਣੇ ਸਰੀਰ ਨੂੰ ਬਰਬਾਦ ਕਰਦਾ ਹੈ। ਸੁਖ ਅਨੁਰਾਗੀ ਪ੍ਰਕ੍ਰਿਤੀ ਦੇ ਕਾਰਨ ਮਨੁੱਖ ਨੂੰ ਸਰੀਰ ਦਾ ਵੀ ਬੋਧ ਨਹੀਂ ਹੈ। ਇਸ ਸੁੱਖ ਅਨੁਰਾਗੀ ਪ੍ਰਕ੍ਰਿਤੀ ਦੇ ਕਾਰਨ ਹੀ ਮਿੱਥਿਆਚਾਰ ਫੈਲਿਆ ਹੋਇਆ ਹੈ।

Regd. Postal No.Pb (0049s) 2003
Regd. with Registrar News Paper No. 72258/88

ਅੰਧਕਾਰ ਦੇ ਬਾਰੇ ਦੱਸਿਆ ਗਿਆ ਕਿ ਇਹ ਚਾਰ ਪ੍ਰਕਾਰ ਦਾ ਹੁੰਦਾ ਹੈ। ਦੋ ਪ੍ਰਕਾਰ ਦੇ ਅੰਧਕਾਰ ਦਾ ਤਾਂ ਮਨੁੱਖ ਨੂੰ ਪਤਾ ਹੈ ਦੂਜਿਆਂ ਦਾ ਨਹੀਂ। ਅੰਧਕਾਰ ਦੀਆਂ ਹਾਨੀਆਂ ਦੱਸੀਆਂ ਗਈਆ। ਮਨੁੱਖ ਦੇ ਦੁੱਖ ਦਾ ਮੁੱਖ ਕਾਰਨ ਦੱਸਿਆ ਗਿਆ। ਸਾਡੇ ਅੰਦਰ ਨੀਚ ਸੁੱਖਾਂ ਦੇ ਪ੍ਰਤੀ ਜੋ ਖਿੱਚ ਹੈ ਉਹ ਉਸਨੂੰ ਦੁੱਖਾਂ ਦੀ ਤਰਫ ਲੈ ਜਾਂਦੀ ਹੈ। ਸਾਨੂੰ ਕਿਹੜੇ ਨੀਚ ਸੁੱਖਾਂ ਦੀਆਂ ਖਿੱਚਾ ਚਲਾਉਂਦੀਆ ਹਨ। ਸਾਨੂੰ ਇਸਦਾ ਵੀ ਗਿਆਨ ਨਹੀਂ ਹੈ। ਦੇਵ ਆਤਮਾ ਨੇਚਰ ਦੇ ਵਿਕਾਸ ਦੇ ਕ੍ਰਮ ਵਿੱਚ ਇਸ ਤਰ੍ਹਾਂ ਦੀਆਂ ਸ਼ਕਤੀਆਂ ਲੈ ਕੇ ਆਏ ਹਨ ਜੋ ਸਾਨੂੰ ਨੀਚ ਸ਼ਕਤੀਆਂ ਤੋਂ ਕਢਦੇ ਹਨ ਅਤੇ ਦੁੱਖਾਂ ਤੋਂ ਮੁਕਤ ਕਰਦੇ ਹਨ। ਇਸ ਗੁਰੂ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਝਨ ਦੀ ਅਤੇ ਉਨ੍ਹਾਂ ਦੇ ਨੇੜੇ ਹੋਣ ਦੀ ਜ਼ਰੂਰਤ ਹੈ।

11-2-2004 ਰਾਤ ਨੂੰ 8:00 ਵਜੇ ਇੱਕ ਸਭਾ ਕੀਤੀ ਗਈ। ਇਸ ਵਿੱਚ 15 ਦੇ ਕਰੀਬ ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਨੇਚਰ ਵਿੱਚ ਅਟਲ ਨ੍ਹੇਮ ਕੰਮ ਕਰਦੇ ਹਨ। ਜਦੋਂ ਕੋਈ ਨ੍ਹੇਮ ਪੂਰਾ ਹੁੰਦਾ ਹੈ ਚਾਹੇ ਉਹ ਕੋਈ ਹੋਵੇ, ਉਸਦੇ ਪਰਿਣਾਮ ਤੋਂ ਅਸੀਂ ਨਹੀਂ ਬਚ ਸਕਦੇ। ਆਤਮਾ ਵਿੱਚ ਵੀ ਸ਼ਰੀਰ ਦੀ ਤਰ੍ਹਾਂ ਅਟਲ ਨੇਮ ਕੰਮ ਕਰਦੇ ਹਲ। ਇੱਕ ਅਟਲ ਨੇਮ ਦਾ ਬਿਆਨ ਕੀੱਤਾ ਗਿਆ ਕਿ ਮਨੁੱਖ ਜਿਸ ਵਾਤਾਵਰਣ ਵਿੱਚ ਰਹੇਗਾ ਉਸ ਤਰ੍ਹਾਂ ਬਣਦਾ ਜਾਵੇਗਾ। ਸਾਡੇ ਅੰਦਰੋਂ ਸੂਖਮ ਪ੍ਰਭਾਵ ਨਿਕਲ ਰਹੇ ਹਨ ਜੋ ਸਾਨੂੰ ਇੰਨਾ ਅੱਖਾਂ ਨਾਲ ਦਿਖਾਈ ਨਹੀਂ ਦਿੰਦੇ। ਸਾਨੂੰ ਇਹ ਪਤਾ ਨਹੀਂ ਚਲਦਾ ਕਿ ਜਿੰਨ੍ਹਾ ਲੋਕਾਂ ਵਿਚ ਅਸੀਂ ਰਹਿ ਰਹੇ ਹਾਂ, ਉਨ੍ਹਾਂ ਵਿਚੋਂ ਉੱਚ ਅਸਰ ਪੈਦਾ ਹੋ ਹਹੇ ਹਨ ਜਾਂ ਨੀਚ। ਅਸਰਾਂ ਦਾ ਨ੍ਹੇਮ ਅਟਲ ਹੈ ਉਸਨੂੰ ਸਮਝਿਆ ਜਾਵੇ ਜਾਂ ਨਾ ਉਸਦੇ ਫਲ ਤੋਂ ਅਸੀਂ ਨਹੀਂ ਬਚ ਸਕਦੇ। ਨੀਚ ਅਸਰਾਂ ਵਿੱਚ ਰਹਿ ਕੇ ਭਲੇ ਤੋਂ ਭਲੇ ਇਨਸਾਨ ਵੀ ਵਿਗੜ ਜਾਂਦੇ ਹਨ। ਉਦਾਹਰਣਾਂ ਰਾਹੀਂ ਇਸ ਸਚਾਈ ਦਾ ਬਿਆਨ ਕੀਤਾ ਗਿਆ। ਗੁਰੂ ਮਹਾਰਾਜ ਨਿਰਾਲੀ ਸ਼ਕਤੀਆਂ ਲੈ ਕੇ ਆਏ ਹਨ। ਉਨ੍ਹਾਂ ਦੇ ਅਸਰ ਅਦੁਤੀ ਹਨ। ਉਨ੍ਹਾਂ ਦੇ ਦੇਵ ਅਸਰਾਂ ਵਿੱਚ ਨਾਂ ਰਹਿ ਕੇ ਭਲੇ ਤੋਂ ਭਲੇ ਇਨਸਾਨ ਵੀ ਵਿਗੜ ਜਾਂਦੇ ਹਨ। ਉਦਾਹਰਣਾਂ ਰਾਹੀਂ ਇਸ ਸਚਾਈ ਦਾ ਬਿਆਨ ਕੀਤਾ ਗਿਆ। ਗੁਰੂ ਮਹਾਰਾਜ ਨਿਰਾਲੀ ਸ਼ਕਤੀਆਂ ਲੈ ਕੇ ਆਏ ਹਨ। ਉਨ੍ਹਾਂ ਦੇ ਅਸਰ ਅਦੁਤੀ ਹਨ। ਉਨ੍ਹਾਂ ਦੇ ਦੇਵ ਅਸਰਾਂ ਵਿੱਚ ਹੀ ਭਲੇ ਤੇ ਬੁਰੇ ਅਸਰਾਂ ਦੀ ਸਹੀ ਪਹਿਚਾਣ ਹੁੰਦੀ ਹੈ। ਉਨ੍ਹਾਂ ਦੇ ਦੇਵ ਅਸਰਾਂ ਨਾਲ ਨਿਰਾਲਾ ਜੀਵਨ ਬਣਦਾ ਹੈ।

ਇਸ ਤੋਂ ਬਾਅਦ ਹਾਜਰੀਨ ਨੂੰ ਕਲਿਆਣ ਸਤਿਸੰਗ ਬਾਰੇ ਦੱਸਿਆ ਗਿਆ।

12-2-2004 ਸਵੇਰ 8:30 ਵਜੇ ਇੱਥੇ ਇੱਕ ਆਖ਼ਰੀ ਸਭਾ ਕੀਤੀ ਗਈ। ਇਸ ਵਿੱਚ 15 ਦੇ ਕਰੀਬ ਜਨ ਆ ਕੇ ਸ਼ਾਮਿਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਮਨੁੱਖ ਦੀਆਂ ਦੋ ਮੂਲ ਇਛਾਵਾਂ ਹਨ। ਮਨੁੱਖ ਜਿਉਣਾ ਚਾਹੁੰਦਾ ਹੈ, ਮਰਨਾਂ ਨਹੀਂ ਚਾਹੁੰਦਾ ਤੇ ਸੁੱਖੀ ਹੋਣਾ ਚਾਹੁੰਦਾ ਹੈ, ਦੁੱਖੀ ਨਹੀਂ ਹੋਣਾ ਚਾਹੁੰਦਾ। ਇੰਨ੍ਹਾਂ ਇਛਾਵਾਂ ਨੂੰ ਲੈ ਕੇ ਹੀ ਮਨੁੱਖ ਜੀਉਂਦਾ ਹੈ। ਉਸ ਨੂੰ ਸੁੱਖੀ ਹੋਣ ਦੇ ਨ੍ਹੇਮਾਂ ਦਾ ਪਤਾ ਨਹੀਂ ਹੈ। ਧਰਮ ਮਨੁੱਖ ਦੇ ਸੁਖੀ ਹੋਣ ਦਾ ਸਹੀ ਰਸਤਾ ਨਹੀਂ ਦੱਸ ਸਕੇ।

ਮਨੁੱਖ ਆਪਣੇ ਆਪ ਨੂੰ ਠੀਕ ਸਮਝਦਾ ਰਹਿੰਦਾ ਹੈ। ਮਨੁੱਖ ਕਿੰਨਾ ਸਹੀ ਹੈ ਇਸ ਦਾ ਪਤਾ ਦੇਵ ਆਤਮਾ ਦੀ ਰੋਸ਼ਨੀ ਵਿੱਚ ਲਗਦਾ ਹੈ। ਉੱਚ ਅਤੇ ਨੀਚ ਸੁਖਾਂ ਬਾਰੇ ਫਰਮਾਇਆ ਗਿਆ। ਇਹ ਕਿਵੇਂ ਆਉਂਦੇ ਹਨ? ਇਸਦਾ ਬਿਆਨ ਕੀਤਾ ਗਿਆ। ਗੁਰੂ ਮਹਾਰਾਜ ਨੀਚ ਦੁੱਖਾਂ ਦੋਂ ਬਚਾਉਂਦੇ ਹਨ ਅਤੇ ਉੱਚ ਸੁੱਖਾਂ ਦੇ ਭਾਗੀ ਬਣਾਉਂਦੇ ਹਨ। 170 ਰੁ: ਦਾ ਮਿਲਿਆ।

Printer, Publisher & Owned By Shriman Baldev Singh, ਮੰਤਰੀ-ਦੇਵ-ਧਰਮ-ਮਿਸ਼ਨ ਨੇ

Surya Laser Den, # 68, Shop No. 3, Badheri, Sec. 41-D, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post